
# ੴ ਅੰਮ੍ਰਿਤ ਕੀਰਤਨ

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ



ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ

ਮੁੱਲ : 10 ਰੁਪਏ . ਅਕਤੂਬਰ 1996

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਐਮ.ਏ. (ਸੰਗੀਤ,ਪੰਜਾਬੀ,ਧਾਰਮਿਕ ਅਧਿਐਨ)
ਪੀ.ਐਚ.ਡੀ.

ਸਹਿਯੋਗੀ

ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ. ਜੋਤਿੰਦਰ ਸਿੰਘ ਸੋਹਲ
ਸ. ਹਰਭਜਨ ਸਿੰਘ ਚੋਪੜਾ
ਪ੍ਰੋ. ਸਤਵਿੰਦਰ ਸਿੰਘ
ਸ. ਕੇ. ਐਸ. ਚੁਘ

ਚਿੱਤਰਕਾਰ

ਗੁਰਦੀਪ ਸਿੰਘ ਦੀਪ

# ਅੰਮ੍ਰਿਤ ਕੀਰਤਨ

ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 10 ਸਾਲ ਅੱਠਵਾਂ ਅਕਤੂਬਰ 1996

| | |
|---|---|
| ਤੁਹਾਡੇ ਪੱਤਰ | 2 |
| ਕਰਉ ਬੇਨੰਤੀਆ | 3 |
| ਪੰਜਾਬ ਦਾ ਭਗਤੀ ਸੰਗੀਤ — ਡੀ. ਐਸ. ਨਰੂਲਾ | 4 |
| ਸੁਖ ਸ਼ਾਂਤ ਸਹਿਜ ਅਨੰਦ — ਬਲਵਿੰਦਰ ਸਿੰਘ | 6 |
| ਗੁਰੂ ਪੰਥ ਦਾ ਅਭਿਨੰਦਨ — ਡਾਕਟਰ ਜਸਵੰਤ ਸਿੰਘ ਨੇਕੀ | 10 |
| ਪ੍ਰੋ. ਪਰਮਜੋਤ ਸਿੰਘ ਸੰਗ ਕੁਝ ਪਲ — ਪ੍ਰਿੰਸੀਪਲ ਦਰਸ਼ਨ ਸਿੰਘ | 12 |
| ਯਾਤਰਾ ਪੰਜਾ ਸਾਹਿਬ ਦੀ — ਡਾ. ਜੋਗਿੰਦਰ ਸਿੰਘ ਬਾਵਰਾ | 14 |
| ਪੁਸਤਕ ਪਰੀਚੈ | 17 |
| ਨੋਟੇਸ਼ਨ ਵਾਲੇ ਸ਼ਬਦ ਦੇ ਅਰਥ — ਪ੍ਰਿੰ. ਸਾਹਿਬ ਸਿੰਘ | 19 |
| ਸੁਰ ਲਿਪੀ — ਸੰਤ ਸਰਵਣ ਸਿੰਘ (ਡੁਮੇਲੀ) | 20 |
| ਸੁਰ ਲਿਪੀ ਚਿੰਨ | 21 |
| ਡਾਇਰੀ ਜੰਤਰੀ | 24 |

ਚੰਦੇ ਦਾ ਵੇਰਵਾ :

| | |
|---|---|
| ਇਕ ਕਾਪੀ | 10 ਰੁ. |
| ਸਲਾਨਾ | 100 ਰੁ. |
| ਜੀਵਨਮੈਂਬਰ | 1000 ਰੁ. (15 ਸਾਲ) |
| ਵਿਦੇਸ਼ ਸਲਾਨਾ | 500 ਰੁ. |
| ਜੀਵਨਮੈਂਬਰ | 5000 ਰੁ. (15 ਸਾਲ) |

ਚਿੱਠੀ ਪੱਤਰ ਲਈ ਪਤਾ :
ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ
ਚੰਡੀਗੜ੍ਹ-160 015
ਫੋਨ : 772660
45452

ਇਸ਼ਤਿਹਾਰਾਂ ਦਾ ਵੇਰਵਾ

| | |
|---|---|
| ਪਿਛਲਾ ਕਵਰ | 5000 ਰੁ. |
| ਕਵਰ ਦੇ ਅੰਦਰਲੇ ਪੰਨੇ | 3000 ਰੁ. |
| ਸਧਾਰਨ ਪੂਰਾ ਪੰਨਾ | 2000 ਰੁ. |
| ਸਧਾਰਨ ਅੱਧਾ ਪੰਨਾ | 1000 ਰੁ. |
| ਸਧਾਰਨ ਚੌਥਾਈ ਪੰਨਾ | 500 ਰੁ. |

■ ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

■ ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਣਿਤ ਹੈ ।

■ 'ਅੰਮ੍ਰਿਤ ਕੀਰਤਨ' ਲਈ ਚੈਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।

'ਅਗਸਤ ਅੰਕ ਵਿਚ ਸ੍ਰ. ਹਰਬੰਸ ਸਿੰਘ ਜੀ ਦਾ ਲੇਖ ਕੁਝ ਸਮਝ ਨਹੀਂ ਆਇਆ । ਮੇਰੇ ਵਿਚਾਰ ਵਿੱਚ ਵਿੱਚ ਕੀਰਤਨ ਗੁਰੂ ਗ੍ਰੰਥ ਸਾਹਿਬ ਨੂੰ ਨਹੀਂ ਸਗੋਂ ਸੰਗਤ ਨੂੰ ਸੁਣਾਇਆ ਜਾਂਦਾ ਹੈ ।

ਡਾ. ਜਸਵੰਤ ਸਿੰਘ ਨੇਕੀ ਜੀ ਦੇ ਲੇਖ ਵਿੱਚ ਹਠੀਆਂ , ਜਪੀਆਂ , ਤਪੀਆਂ ਦਾ ਧਿਆਨ ਧਰਨ ਦੀ ਗੱਲ ਕੀਤੀ ਹੈ ਇਹ ਗੁਰਮਤ ਦੇ ਅਨੁਕੂਲ ਨਹੀਂ ਹੈ ਭਾਵੇਂ ਇਹ ਗੱਲ ਪ੍ਰਵਾਨਿਤ ਰਹਿਤ ਮਰਯਾਦਾ ਵੀ ਸ਼ਾਮਲ ਹੈ ਪਰ ਡਾ. ਨੇਕੀ ਜਿਹੇ ਵਿਦਵਾਨ ਨੂੰ ਨਵੇਂ ਵਿਚਾਰ ਦੇਣੇ ਚਾਹੀਦੇ ਹਨ ।

ਨਵੀਂ ਦਿੱਲੀ — ਗਿ: ਜਗਜੀਤ ਸਿੰਘ ਜਾਬੇਵਾਲ,

'ਅੰਮ੍ਰਿਤ ਕੀਰਤਨ' ਹਰ ਇੱਕ ਦੇ ਪੜ੍ਹਨ ਵਾਲਾ ਅਤੇ ਸੰਭਾਲਣ ਵਾਲਾ ਪਰਚਾ ਹੈ ।

ਸੰਤਾ ਸਿੰਘ ਆਜਿਜ਼

'ਅੰਮ੍ਰਿਤ ਕੀਰਤਨ' ਪ੍ਰਕਾਸ਼ਿਤ ਕਰਨਾ ਬਹੁਤ ਸ਼ਲਾਘਾ ਯੋਗ ਕਾਰਜ ਹੈ । ਸਾਨੂੰ ਅਫਸੋਸ ਹੁੰਦਾ ਹੈ ਜਦੋਂ ਦੇਖਦੇ ਹਾਂ ਕਿ ਗੁਰਦੁਆਰਿਆਂ ਵਿਚੋਂ ਲੋਕ ਫਿਲਮੀ ਧੁਨਾਂ ਤੇ ਕੀਰਤਨ ਕਰਦੇ ਹਨ । ਅਸਲ ਵਿੱਚ ਸਾਡੇ ਗੁਰਦੁਆਰਿਆਂ ਲਈ ਰਾਗੀਆਂ ਗਰੰਥੀਆਂ ਨੂੰ ਕੋਈ ਬਾਕਾਇਦਾ ਸਿਖਲਾਈ ਤਾਂ ਦਿੱਤੀ ਨਹੀਂ ਜਾਂਦੀ । ਕਈ ਵਾਰੀ ਜਿਹੜਾ ਕੋਈ ਹੋਰ ਕੰਮ ਨਹੀਂ ਕਰ ਸਕਦਾ ਉਸ ਬੇਕਾਰ ਆਦਮੀ ਨੂੰ ਇਸ ਕੰਮ ਤੇ ਲਾ ਦਿੱਤਾ ਜਾਂਦਾ ਹੈ । ਇਹਨਾਂ ਵਿਚੋਂ ਕਈ ਤਾਂ ਪਾਠ ਵੀ ਨਹੀਂ ਕਰ ਸਕਦੇ, ਕੀਰਤਨ ਕਰਨਾ ਤਾਂ ਦੂਰ ਦੀ ਗੱਲ ਹੈ । ਇਹੀ ਕਾਰਨ ਹੈ ਕਿ ਅੱਜ ਕੱਲ੍ਹ ਨੌਜੁਆਨ ਸਿਖੀ ਤੋਂ ਬੇਮੁਖ ਹੋਈ ਜਾ ਰਹੇ ਹਨ । ਸਾਡੇ ਆਗੂ ਅਤੇ ਕਾਰ ਸੇਵਾ ਵਾਲੇ ਗੁਰਦੁਆਰਿਆਂ ਦੀਆਂ ਇਮਾਰਤਾਂ ਤਾਂ ਬਣਾਈ ਜਾ ਰਹੇ ਹਨ ਪਰ ਇਹਨਾਂ ਦੇ ਸਕੂਲਾ ਅਤੇ ਕਾਲਜਾ ਨਿਘਾਰ ਵੱਲ ਹੀ ਜਾ ਰਹੇ ਹਨ । ਵਾਹਿਗੁਰੂ ਸਾਨੂੰ ਸਭ ਨੂੰ ਸੁਮਤ ਬਖਸ਼ੇ ।

ਪੀਲੀਭੀਤ — ਹਰਭਜਨ ਸਿੰਘ ਐਡਵੋਕੇਟ ਚੱਕਪੁਰ

'ਅੰਮ੍ਰਿਤ ਕੀਰਤਨ' ਬਾਕਾਇਦਾ ਮਿਲ ਰਿਹਾ ਹੈ ਅਤੇ ਇਸ ਨੂੰ ਬੜੇ ਸ਼ੌਕ ਨਾਲ ਪੜ੍ਹਦੇ ਹਾਂ ।

ਨਵੀਂ ਦਿੱਲੀ — ਭਗਵੰਤ ਜਗਦੀਸ਼ ਸਿੰਘ

'ਅੰਮ੍ਰਿਤ ਕੀਰਤਨ' ਬੜਾ ਜ਼ਰੂਰੀ ਅਤੇ ਸ਼ਲਾਘਾ ਯੋਗ ਪਰਚਾ ਹੈ । ਅਸੀਂ ਇਸ ਦਾ ਚੜ੍ਹਦੀ ਕਲਾ ਲਈ ਕਾਮਨਾ ਕਰਦੇ ਹਾਂ ।

ਲੈਫਟੀਨੈਂਟ ਕਰਨਲ ਗੁਰਪ੍ਰੀਤ ਇੰਦਰ ਸਿੰਘ
ਹਰਮਿੰਦਰ ਸਿੰਘ ਸਿਧੂ
ਭਾਈ ਪ੍ਰੇਮ ਸਿੰਘ, ਸ੍ਰ, ਬੂਟਾ ਸਿੰਘ
ਅੰਮ੍ਰਿਤਸਰ — ਹੰਸਪਾਲ

ਅਗਸਤ ਅੰਕ ਵਿੱਚ ਆਪ ਦੀ ਆਸਟ੍ਰੇਲੀਆਂ ਯਾਤਰਾ ਪੜ੍ਹਕੇ ਇਥੇ ਸਾਰੇ ਖੁਸ਼ ਹੋਏ ਹਨ । ਸਾਰੇ ਹੀ 'ਅੰਮ੍ਰਿਤ ਕੀਰਤਨ' ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹਨ ।

ਵੂਲਗੁਲਗਾ, ਆਸਟ੍ਰੇਲੀਆ — ਗਿ: ਰਸ਼ਪਾਲ ਸਿੰਘ

'ਅੰਮ੍ਰਿਤ ਕੀਰਤਨ' ਵਿੱਚ ਬਲਵੰਤ ਗਾਰਗੀ ਦਾ ਭਾਈ ਸਮੁੰਦ ਸਿੰਘ ਬਾਰੇ ਲੇਖ ਦਿਲਚਸਪ ਤੇ ਜਾਣਕਾਰੀ ਭਰਪੂਰ ਸੀ ।

ਕੁਵੈਂਟਰੀ ਇੰਗਲੈਂਡ — ਗੁਰਮੁਖ ਸਿੰਘ ਕੋਹਲੀ

ਪਿਤਾ ਜੀ ਦੀ ਯਾਦ ਵਿੱਚ ਜੋ ਤੁਸਾਂ ਇਹ ਵਿਸ਼ੇਸ਼ ਅੰਕ ਕੱਢਿਆ ਹੈ । ਇਹ ਅਤਿਅੰਤ ਸ਼ਲਾਘਾਯੋਗ ਉਦਮ ਹੈ । ਆਖਰ ਪਿਤਰੀ ਰਿਣ ਉਤਾਰਨ ਲਈ ਕੁਝ ਨਾ ਕੁਝ ਕਰਨਾ ਹੀ ਬਣਦਾ ਹੈ । ਅੱਛਾ ਸੀ ਕਿ ਡਾ. ਗੁਰਨਾਮ ਸਿੰਘ ਤੇ ਤੁਸੀਂ ਵੀ ਆਪਣੇ ਤਾਸ਼ਰਾਤ ਲਿਖਦੇ, ਕੋਈ ਨਾ ਕੋਈ ਪੱਖ ਤਾਂ ਉਜਾਗਰ ਹੁੰਦਾ ਹੀ ।

ਪਟਿਆਲਾ — ਪਿਆਰਾ ਸਿੰਘ ਪਦਮ

ਪ੍ਰਸਿੱਧ ਰਾਗੀ ਭਾਈ ਉਤਮ ਸਿੰਘ ਜੀ ਪਤੰਗ ਜੋ ਕਿ ਪਿਛਲੇ ਸਾਲ ਸੁਰਗਵਾਸ ਹੋ ਗਏ ਸਨ, ਉਨ੍ਹਾਂ ਦੇ ਅਕਾਲ ਚਲਾਣੇ ਨਾਲ ਕੀਰਤਨ ਜਗਤ ਨੂੰ ਬੇਹੱਦ ਘਾਟਾ ਪਿਆ ਹੈ । ਸਾਨੂੰ ਉਨ੍ਹਾਂ ਦੇ ਜੀਵਨ ਤੋਂ ਸਿੱਖਿਆ ਲੈਣੀ ਚਾਹੀਦੀ ਹੈ । ਡਾ. ਗੁਰਮੁਖ ਸਿੰਘ ਤੇ ਬੀਬੀ ਪਰਮਜੀਤ ਕੌਰ ਦੇ ਲੇਖ ਭਾਵਪੂਰਤ ਸਨ ।

ਮਲੋਟ — ਮੰਗਤ ਸਿੰਘ ਮਸਤਾਨਾ

ਅੰਮ੍ਰਿਤ ਕੀਰਤਨ ਦਾ ਸਤੰਬਰ ਅੰਕ ਪ੍ਰਾਪਤ ਕਰਕੇ ਵਿਸਮਾਦੀ ਅਨੰਦ ਪ੍ਰਾਪਤ ਹੋਇਆ । ਪੂਜ਼ਨੀਕ ਪਿਤਾ ਤੇ ਸ਼੍ਰੋਮਣੀ ਰਾਗੀ/ ਕੀਰਤਨੀਏ ਮਾਨਯੋਗ ਸ਼੍ਰੀ ਉਤਮ ਸਿੰਘ ਜੀ ਪਤੰਗ ਪ੍ਰਤੀ ਵਿਸ਼ੇਸ਼-ਅੰਕ ਇੱਕ ਸਾਰਥਿਕ ਸ਼ਰਧਾਂਜਲੀ ਹੈ । ਇਹ ਹੋਰਾਂ ਲਈ ਵੀ ਪੱਥ-ਪਰਦਰਸ਼ਕ ਮਿਸਾਲ ਹੈ । ਤੁਹਾਡੀ ਲਗਨ ਤੇ ਮਿਹਨਤ ਨੂੰ ਸਿਜਦਾ ਕਰਦਾ ਹਾਂ ਸਾਰਾ ਵੀ ਅੰਕ ਅੰਦਰੋਂ ਬੋਲਣ ਲਈ ਸ਼ਰਧਾ ਦੇ ਸਰੋਤ ਉਪਜਾਉਂਦਾ ਹੈ । ਅੰਕ ਦੀ ਦਿੱਖ, ਛਪਾਈ ਤੇ ਸੰਪਾਦਨਾ ਤਾਰੀਫ ਯੋਗ ਹੈ । ਪੁੱਤਰਾਂ ਵੱਲੋਂ ਪਿਤਾ ਨੂੰ ਮੋਹ ਭਰੀ ਆਵਾਜ਼ ਹੈ ਉਸਦੀ ਯਾਦ ਵਿੱਚ । ਇਸ ਸ਼ੁਭ ਕਾਰਜ ਦੀ ਵਡਿਆਈ ਕਰਨ ਦੀ ਖੁਸ਼ੀ ਲੈ ਰਿਹਾ ਹਾਂ । ਪਹਿਲੀ ਬਰਸੀ ਦੇ ਮੌਕੇ ਮੈਂ ਆਪਣੇ ਵੱਲੋਂ ਤੇ ਸਮੂਹ ਦਾਊਂ ਪਰਿਵਾਰ ਵੱਲੋਂ ਆਪ ਜੀ ਦੇ ਪਿਤਾ ਜੀ ਦੀ ਰੂਹ ਨੂੰ ਨਤਮਸਤਕ ਕਰਦਾ ਹਾਂ ਅਤੇ ਸ਼ਰਧਾਂਜਲੀ ਭੇਟ ਕਰਦਾ ਹਾਂ । ਰੱਬ ਵਰਗੀ ਰੂਹ ਦਾ ਤੁਹਾਡੇ ਦੇ ਸਦਾ ਹੀ ਹੱਥ ਰਹੇ ।

ਦਾਊਂ — ਮਨਮੋਹਨ ਸਿੰਘ ਦਾਊਂ

ਕੋਰਤੁ ਧਾਂਰਤੀਆ...

# ਸਾਡੇ ਕੀਰਤਨੀਏ ਵਿਦੇਸ਼ਾਂ ਵਿੱਚ

'ਵਸਦੇ ਰਹੋ ਅਤੇ ਉਜੜ ਜਾਓ' ਵਾਲੀ ਸਾਖੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਆਪਣੇ ਸੱਚੇ ਸਿੱਖਾਂ ਨੂੰ 'ਉਜੜਨ' ਦਾ ਵਰ ਦਿੱਤਾ ਹੋਇਆ ਸ਼ਾਇਦ ਇਸੇ ਕਰਕੇ ਹੀ ਲਗਭਗ ਜਿਤਨੀ ਗਿਣਤੀ ਸਿੱਖਾਂ ਦੀ ਪੰਜਾਬ ਵਿੱਚ ਹੈ ਉਤਨੀ ਹੀ ਬਾਹਰ ਹੈ। ਵਿਦੇਸ਼ਾਂ ਵਿੱਚ ਵੀ ਇਹ 'ਆਲੂ ਅਤੇ ਸਿੱਖ ਹਰ ਥਾਂ ਮਿਲ ਜਾਂਦੇ ਹਨ' ਦੀ ਅਖੌਤ ਉਤੇ ਪੂਰੇ ਢੁਕਦੇ ਹਨ। ਜਿਵੇਂ ਜਿਵੇਂ ਸਿੱਖ ਪੰਜਾਬ ਤੋਂ ਦੂਰ ਹੁੰਦੇ ਜਾਂਦੇ ਹਨ ਉਵੇਂ ਉਵੇਂ ਹੀ ਉਹਨਾਂ ਵਿੱਚ ਸਿੱਖੀ ਪ੍ਰੇਮ ਵਧਦਾ ਜਾਂਦਾ ਹੈ। ਇਹਨਾਂ ਵਿੱਚੋਂ ਕਈ ਪਤਤ ਹੋ ਗਏ ਹਨ ਪਰ ਉਹਨਾਂ ਦਾ ਗੁਰਦੁਆਰਾ ਪ੍ਰੇਮ ਵਧ ਗਿਆ ਹੈ। ਵਿਦੇਸ਼ਾਂ ਵਿੱਚ ਹਰ ਸ਼ਹਿਰ ਵਿੱਚ ਅਨੇਕਾਂ ਗੁਰਦੁਆਰੇ ਬਣੇ ਹੋਏ ਹਨ। ਬਾਹਰ ਵਸਦੇ ਪੰਜਾਬੀ ਸਿੱਖੀ ਦੀਆਂ ਰਵਾਇਤਾਂ ਨੂੰ ਕਾਇਮ ਰੱਖਣ ਲਈ ਭਾਰਤ ਵਿਚੋਂ ਰਾਗੀ ਜਥੇ ਵੀ ਬੁਲਾਉਂਦੇ ਰਹਿੰਦੇ ਹਨ ਅਤੇ ਇਹਨਾਂ ਰਾਗੀ ਜਥਿਆਂ ਨੂੰ ਚੰਗੀ ਚੋਖੀ ਮਾਇਆ ਦੇ ਕੇ ਨਿਵਾਜਦੇ ਵੀ ਹਨ। ਇਸ ਮਾਇਆ ਸਦਕਾ ਪਿਛਲੇ ਕੁਝ ਦਹਾਕਿਆਂ ਤੋਂ ਰਾਗੀਆਂ ਦੇ ਵਿਦੇਸ਼ ਜਾਣ ਦਾ ਉਦੇਸ਼ ਕੇਵਲ ਮਾਇਆ ਹੀ ਰਹਿ ਗਿਆ ਹੈ। ਪ੍ਰਚਾਰ ਵਾਲੀ ਗੱਲ ਪਿਛੇ ਤੇ ਮਾਇਆ ਅਗੇ ਹੋ ਗਈ ਹੈ।

ਇਸ ਕਾਰਨ ਹੁਣ ਵਿਦੇਸ਼ਾਂ ਵਿੱਚ ਕੀਰਤਨੀਆਂ ਦਾ ਇੱਕ ਹੜ ਹੀ ਆਇਆ ਹੋਇਆ। ਇੰਗਲੈਂਡ, ਅਮਰੀਕਾ , ਕਨੇਡਾ, ਥਾਈਲੈਂਡ, ਸਿੰਘਾਪੁਰ ਆਦਿ ਵਿੱਚ ਤਾਂ ਬਿਨਾਂ ਵਿਸ਼ੇਸ਼ ਸੱਦੇ ਦੇ ਦਰਜਨ-ਦਰਜਨ ਰਾਗੀ ਜਥੇ ਇਕ ਇਕ ਗੁਰਦੁਆਰੇ ਵਿੱਚ ਬੈਠੇ ਸੁਣਦੇ ਹਾਂ। ਇਹਨਾਂ ਰਾਗੀਆਂ/ਕੀਰਤਨੀਆਂ ਨੂੰ ਕੀਰਤਨ ਦਾ ਸਮਾਂ ਦੇਣਾ ਪ੍ਰਬੰਧਕਾਂ ਲਈ ਮੁਸ਼ਕਲ ਬਣਿਆ ਹੋਇਆ ਹੈ। ਵਿਹਲੇ ਰਹਿਣ ਕਾਰਨ ਇਹਨਾਂ ਵਿਚੋਂ ਕਈਆਂ ਨੂੰ ਮਾਨਸਿਕ ਤਕਲੀਫਾਂ ਸਹਿਣੀਆਂ ਪੈਂਦੀਆਂ ਹਨ। ਕਈਆਂ ਨੂੰ ਕਿਰਾਇਆ ਵੀ ਪੂਰਾ ਨਹੀਂ ਹੁੰਦਾ ਤੇ ਪ੍ਰਚਾਰ .... ।

ਪਹਿਲਾਂ ਕੀਰਤਨੀਆਂ ਨੂੰ ਵਿਦੇਸ਼ ਵਿੱਚ ਉਹਨਾਂ ਦੀ ਕੀਰਤਨ ਯੋਗਤਾ ਕਰਕੇ ਬੁਲਾਇਆ ਜਾਂਦਾ ਸੀ ਪਰ ਹੁਣ ਇਹ ਵਾਕਫੀਅਤਾਂ ਅਤੇ ਮਾਇਕ ਸੰਬੰਧਾਂ ਕਰਕੇ ਬੁਲਾਏ ਜਾਂਦੇ ਹਨ। ਸੁਣਨ ਵਿੱਚ ਆਇਆ ਹੈ ਕੁਝ ਪ੍ਰਬੰਧਕ ਸਪਾਂਸਰਸ਼ਿਪ ਦੇਣ ਬਦਲੇ ਕੀਰਤਨੀਆਂ ਤੋਂ ਮਾਇਆ ਲੈਂਦੇ ਹਨ। ਕੁਝ ਕੀਰਤਨੀਏ ਆਪਣੇ ਨਾਲ ਬਾਹਰ ਸੈਟਲ ਕਰਨ ਲਈ ਗੈਰ ਕੀਰਤਨੀਏ ਨੂੰ ਲੈ ਜਾਂਦੇ ਹਨ ਤੇ ਉਸ ਤੋਂ ਮਾਇਕ ਲਾਭ ਪ੍ਰਾਪਤ ਕਰਦੇ ਹਨ।

ਇੱਕ ਐਂਬੈਸੀ ਤੋਂ ਪਤਾ ਲਗਾ ਸੀ ਕਿ ਕੁਝ ਕੀਰਤਨੀਆਂ ਨੇ ਵਿਦੇਸ਼ ਦੀ ਗੁਰਦੁਆਰਾ ਕਮੇਟੀ ਦੇ ਨਕਲੀ ਪੈਡ ਛਾਪ ਕੇ ਆਪੇ ਸਪਾਂਸਰਸ਼ਿਪ ਤਿਆਰ ਕਰ ਲਈ ਤੇ ਵੀਜ਼ਾ ਲੈਣ ਲਈ ਐਂਬੈਸੀ ਜਾ ਪੁਜੇ।

ਵਿਦੇਸ਼ਾਂ ਵਿਚ ਰਹਿੰਦੇ ਸਿੱਖ ਵੀ ਬਿਨਾਂ ਕਿਸੇ ਦੇ ਗੁਣ-ਔਗੁਣ ਤੇ ਵਿਚਾਰ ਕੀਤਿਆਂ ਮਾਇਆ ਭੇਟ ਕਰ ਦਿੰਦੇ ਹਨ। ਕਈ ਕੀਰਤਨੀਏ ਸਕੂਲ, ਆਸ਼ਰਮ ਆਦਿ ਖੋਹਲੇ ਹੋਣ ਦਾ ਝੂਠਾ ਸੱਚਾ ਜ਼ਿਕਰ ਕਰਕੇ ਵੀ ਮਾਇਆ ਦੀ ਅਪੀਲ ਕਰਦੇ ਹਨ।

ਬਹੁਤੇ ਕੀਰਤਨੀਏ ਉਹਨਾਂ ਦੇਸ਼ਾਂ ਵਿੱਚ ਹੀ ਜਾਂਦੇ ਹਨ ਜਿਥੋਂ ਮਾਇਆ ਬਹੁਤੀ ਪ੍ਰਾਪਤ ਹੁੰਦੀ ਹੈ। ਪਹਿਲਾਂ ਪਹਿਲ ਇਰਾਨ ਵਿਚ ਬਹੁਤ ਕੀਰਤਨੀਏ ਜਾਂਦੇ ਸਨ ਪਰ ਹੁਣ ਇੱਕ ਇਰਾਨੀ ਸਿਖ ਦੇ ਦਸਣ ਅਨੁਸਾਰ - ਜਦੋਂ ਉਹਨਾਂ ਇਕ ਨਾਮੀ ਰਾਗੀ ਨੂੰ ਇਰਾਨ ਆਉਣ ਲਈ ਬੇਨਤੀ ਕੀਤੀ ਤਾਂ ਉਸ ਨੇ ਇਸ ਲਈ ਇਨਕਾਰ ਕਰ ਦਿੱਤਾ ਕਿ ਇਰਾਨ ਦੀ ਕਰੰਸੀ ਵਿੱਚ ਹੁਣ ਦੰਮ ਨਹੀਂ ਹੈ।

ਦਰਬਾਰ ਸਾਹਿਬ ਦੇ ਕਈ ਕੀਰਤਨੀਏ ਵਿਦੇਸ਼ਾਂ ਵਿੱਚ ਪਹੁੰਚ ਗਏ ਹਨ। ਬਹੁਤੇ ਕੀਰਤਨੀਏ ਦਰਬਾਰ ਸਾਹਿਬ ਕੁਝ ਸਮਾਂ ਕੀਰਤਨ ਕਰਦੇ ਹਨ ਫਿਰ 'ਹਜੂਰੀ ਰਾਗੀ' ਦਾ ਪੈਡ ਛਪਵਾ ਕੇ ਵਿਦੇਸ਼ਾਂ ਵਿੱਚ ਪਹੁੰਚ ਜਾਂਦੇ ਹਨ।

ਬਾਹਰ ਜਾ ਕੇ ਕੀਰਤਨ ਕਰਨਾ, ਪ੍ਰਚਾਰ ਕਰਨਾ ਤੇ ਮਾਇਆ ਕਮਾਉਣੀ ਕੋਈ ਬੁਰੀ ਗੱਲ ਨਹੀਂ। ਪਰ ਮਾਇਆ ਕਮਾਉਣ ਨੂੰ ਹੀ ਸਭ ਕੁਝ ਸਮਝਣਾ ਹੁਣ ਇੱਕ ਕੁਰਹਿਤ ਹੀ ਸਮਝੀ ਜਾਂਣੀ ਚਾਹੀਦੀ ਹੈ। ਬਾਹਰਲੇ ਸਿਖ ਗੁਰਦੁਆਰਾ ਸਾਹਿਬਾਨ ਵਿੱਚ ਕੀਰਤਨੀਆਂ ਪ੍ਰਚਾਰਕਾਂ ਦੀ ਰਿਕਾਰਡਿੰਗ ਕਰਕੇ ਵਿਰਸੇ ਨੂੰ ਸੰਭਾਲਣ ਦਾ ਜਤਨ ਕਰ ਰਹੇ ਹਨ। ਉਹਨਾਂ ਨੂੰ ਵੀ ਚਾਹੀਦਾ ਹੈ ਕਿ ਉਹ ਚੰਗਾ ਕੀਰਤਨ ਕਰਨ ਵਾਲੇ ਰਾਗੀਆਂ ਨੂੰ ਉਤਸ਼ਾਹਿਤ ਕਰਨ। ਜਿਹੜੇ ਕੁਝ ਨਰਮ ਹਨ ਉਹਨਾਂ ਨੂੰ ਹੋਰ ਕੀਰਤਨ ਸਿਖਣ ਅਤੇ ਮਿਹਨਤ ਕਰਨ ਲਈ ਪ੍ਰੇਰਿਆ ਜਾਵੇ।

ਕੀਰਤਨ ਅਤੇ ਕੀਰਤਨੀਆਂ ਦੀ ਚੜ੍ਹਦੀ ਕਲਾ ਲਈ ਹਮੇਸ਼ਾਂ ਕਾਮਨਾ ਕਰਦੇ ਹਾਂ।

ਜੋਗਿੰਦਰ ਸਿੰਘ

# ਪੰਜਾਬ ਦਾ ਭਗਤੀ ਸੰਗੀਤ

**ਡੀ. ਐਸ. ਨਰੂਲਾ**

ਭਾਰਤੀ ਸੰਗੀਤ ਦੇ ਵਿਕਾਸ ਵਿਚ ਭਗਤੀ ਭਾਵਨਾ ਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ ਭਗਤੀ ਵੀ, ਸੰਗੀਤ ਦੇ ਮਾਧਿਅਮ ਰਾਹੀਂ ਕੀਤੀ ਜਾਂਦੀ ਹੈ । ਇਸੇ ਤੋਂ 'ਭਗਤੀ-ਸੰਗੀਤ' ਦੀਆਂ ਵੱਖ-ਵੱਖ ਸ਼ੈਲੀਆਂ ਦਾ ਜਨਮ ਤੇ ਵਿਕਾਸ, ਵਿਭਿੰਨ ਧਰਮਾਂ ਜਾਂ ਮੱਤ ਮੱਤਾਂਤਰਾਂ ਵਿਚ ਹੋਇਆ । ਭਗਤੀ-ਸੰਗੀਤ ਨੂੰ ਹੀ ਵੱਖ-ਵੱਖ ਮੱਤਾਂ ਵਿਚ ਭਜਨ, ਕੀਰਤਨ, ਸੰਕੀਰਤਨ, ਹਰਿ-ਕੀਰਤਨ, ਸ਼ਬਦ-ਗਾਇਨ ਜਾਂ ਗੁਰਮਤਿ-ਸੰਗੀਤ ਕਿਹਾ ਗਿਆ ਹੈ ਜਿਵੇਂ :-

ਭਾਰਤੀ ਸੰਗੀਤ ਦੇ ਇਤਿਹਾਸ ਵਿਚ 'ਭਜਨ' ਗਾਇਨ ਪ੍ਰਾਚੀਨ ਮੰਨਿਆ ਜਾਂਦਾ ਹੈ । ਭਿੰਨ ਭਿੰਨ ਪ੍ਰਾਂਤਾਂ ਵਿਚ ਇਸਨੂੰ ਭਿੰਨ ਭਿੰਨ ਪ੍ਰਕਾਰ ਨਾਲ ਗਾਉਂਦੇ ਹਨ । ਭਿੰਨ ਭਿੰਨ ਪ੍ਰਾਂਤਾਂ ਦੇ ਲੋਕ, ਭਜਨ ਨੂੰ ਹੀ ਕੀਰਤਨ, ਹਰਿਕਥਾ, ਕਾਲਕਸ਼ੇਪ, ਆਭੰਗ ਅਤੇ ਨਗਰ ਕੀਰਤਨ ਕਹਿੰਦੇ ਹਨ । (1) ਪੰਜਾਬ ਵਿਚ ਭਗਤੀ ਸੰਗੀਤ ਦੀ ਪਰੰਪਰਾ ਅੱਜ ਵੀ ਹੈ ।

ਰਾਮ ਭਗਤੀ, ਕ੍ਰਿਸ਼ਨ ਭਗਤੀ ਅਤੇ ਦੇਵ ਭਗਤੀ (ਵਿਭਿੰਨ ਦੇਵੀ-ਦੇਵਤਿਆਂ ਦੀ ਭਗਤੀ) ਸੰਬੰਧੀ ਕਾਫੀ ਮਾਤ੍ਰਾ ਵਿਚ ਅਜਿਹਾ ਕਾਵਿ-ਗੀਤ-ਪ੍ਰਗੀਤ' ਸਹਿਤ ਉਪਲੱਬਧ ਹੈ ਜਿਸ ਨੂੰ ਭਜਨ ਅਤੇ ਕੀਰਤਨ ਪੱਧਤੀ ਵਿਚ ਗਾਇਆ ਜਾਂਦਾ ਹੈ, ਇਹ ਵੱਖਰੀ ਗੱਲ ਹੈ ਕਿ ਉਸ ਵਿਚ ਕਈ ਅਜਿਹੀਆਂ ਸ਼ੈਲੀਆਂ ਹਨ ਜਿੰਨਾ ਨੂੰ ਕਿਸੇ ਪ੍ਰਵੀਨ-ਸੰਗੀਤਕਾਰ ਕੋਲੋਂ, ਸਿੱਖਿਆ ਲਏ ਬਗੈਰ ਨਹੀਂ ਗਾਇਆ ਜਾ ਸਕਦਾ ਜਿਵੇਂ-ਧਰੁਪਦ ਗਾਨ, ਧਮਾਰ, ਖ਼ਿਆਲ, ਟੱਪਾ ਅਤੇ ਠੁਮਰੀ ਆਦਿ । ਸਾਧਾਰਣ ਧੁੰਨਾਂ ਜਾਂ ਧਾਰਨਾ ਤੇ ਗਾਇਆ ਜਾਣ ਵਾਲਾ ਕੀਰਤਨ/ਸੰਕੀਰਤਨ, ਸੰਗਤ ਨਾਲ ਮਿਲ ਕੇ ਜਾਂ ਸੁਣ ਕੇ, ਇਕੱਲਾ ਵਿਅਕਤੀ ਵੀ ਗਾ ਸਕਦਾ ਹੈ ਜਿਵੇਂ - ਇਸਤ੍ਰੀ-ਸਤਿਸੰਗ ਵਿਚ ਜੋ ਢੋਲਕ, ਚਿਮਟਾ, ਖੜਤਾਲ, ਕੈਂਸੀਆਂ ਅਤੇ ਹਾਰਮੋਨੀਅਮ ਨਾਲ ਕੀਰਤਨ, ਕਹਰਵਾ-ਤਾਲ ਵਿਚ ਕੀਤਾ ਜਾਂਦਾ ਹੈ ਉਸ ਨੂੰ ਸਾਧਾਰਣ ਸੰਗਤ ਵੀ ਨਾਲ ਨਾਲ ਹੀ ਗਾਉਂਦੀ ਹੈ ਜਿਸਦੇ ਲਈ ਕੋਈ ਸਿੱਖਿਆ ਜਾਂ ਅਭਿਆਸ ਦੀ ਲੋੜ ਨਹੀਂ ਪੈਂਦੀ । ਇਵੇਂ ਨਗਰ ਕੀਰਤਨ ਜਾਂ ਪ੍ਰਭਾਤ ਫੇਰੀਆਂ ਵਿਚ ਗਾਏ ਜਾਣ ਵਾਲੇ ਭਜਨ, ਸ਼ਬਦ, ਕੀਰਤਨ ਵੀ ਸੰਗੀਤ ਪੱਖੋਂ ਇਤਨੇ ਸਾਧਾਰਣ ਹੁੰਦੇ ਹਨ ਕਿ ਉਨ੍ਹਾਂ ਨੂੰ ਸੁਣ ਕੇ ਉਸੇ ਵਕਤ ਨਾਲ ਨਾਲ ਗਾਇਆ ਜਾ ਸਕਦਾ ਹੈ ਪਰੰਤੂ ਸ਼ਾਸਤ੍ਰੀ ਸੰਗੀਤ (ਰਾਗ) ਅਧਾਰਿਤ ਕੀਰਤਨ ਬਗੈਰ ਸਿਖਲਾਈ ਅਤੇ ਅਭਿਆਸ ਦੇ ਨਹੀਂ ਗਾਇਆ ਜਾ ਸਕਦਾ ।

ਕੀਰਤਨ ਜਾਂ ਭਗਤੀ ਸੰਗੀਤ ਦੇ ਅੰਤਰਗਤ ਪ੍ਰਮਾਤਮਾ ਦੇ ਗੁਣ, ਲੀਲਾਂ ਅਤੇ ਨਾਮ ਦੀ ਮਹਿਮਾਂ ਅਨਿਯਮਤ (ਮਨਮਾਨੇ) ਸੁਰ ਨਾਲ ਨਹੀਂ ਹੁੰਦਾ, ਬਲਕਿ ਸੰਗੀਤ ਕਲਾ ਦੇ ਸਹਾਰੇ ਤੇ ਗਾਇਆ ਜਾਂਦਾ ਹੈ ।

ਭਗਤੀਕਾਲੀਨ ਕਵੀਆਂ ਨੇ ਸੰਗੀਤ ਅਤੇ ਸਾਹਿਤ ਦੇ ਸਮੰਜਨ ਦੀ ਧਾਰਾ ਨੂੰ ਤੇਜ਼ੀ ਨਾਲ ਪ੍ਰਵਾਹਿਤ ਕੀਤਾ । ਵਿਸ਼ਵ-ਸਾਹਿਤ ਵਿਚ ਕਾਵਿ-ਸੰਗੀਤ ਦਾ ਇਤਨਾਂ ਸੁੰਦਰ ਮੇਲ ਵਿਰਲਾ ਹੀ ਦਿਖਾਈ ਦੇਂਦਾ ਹੈ । ਕਈ ਧਰਮਾਂ ਦੇ ਧਾਰਮਿਕ-ਗ੍ਰੰਥ ਜਾ ਪੂਜਨੀਕ ਗ੍ਰੰਥ ਇਸ ਸੁਮੇਲ ਦੇ ਉਤਮ ਉਦਾਹਰਣ ਹਨ ਪਰੰਤੂ ਭਗਤੀ ਕਾਲ ਦੀਆਂ ਸੰਗੀਤਕ ਰਚਨਾਵਾਂ, ਇਸ ਅਨੁਪਮ-ਸੁਮੇਲ ਦੇ ਕਾਰਣ ਹਮੇਸ਼ਾਂ ਯਾਦ ਕੀਤੀਆਂ ਜਾਣਗੀਆਂ । ਮੱਧਕਾਲੀਨ ਭਗਤ ਕਵੀ, ਪ੍ਰਥਮ, ਭਗਤ ਹੋਣ ਤੋਂ ਬਾਦ ਇਕ ਉਚ ਕੋਟੀ ਦੇ ਸੰਗੀਤਕਾਰ ਅਤੇ ਕਾਵਿ-ਸ਼ਾਸਤਰ ਦੇ ਪਾਰਖੂ ਸਨ । ਇਹੀ ਕਾਰਣ ਹੈ ਕਿ ਸੰਗੀਤ-ਰਾਗਾਂ ਵਿਚ ਬੰਨਿਆ ਹੋਇਆ, ਉਨ੍ਹਾਂ ਦਾ 'ਕਾਵਿ' ਅੱਜ ਵੀ, ਆਤਮ ਵਿਭੋਰ, ਅਤੇ ਆਤਮਿਕ ਆਨੰਦ ਪ੍ਰਦਾਨ ਕਰਨ ਦੀ ਪੂਰੀ ਸਮਰੱਥਾ ਰਖਦਾ ਹੈ ।

ਡਾ. ਡੀ.ਡੀ. ਵਿਆਸ ਆਪਣੇ ਨਿਬੰਧ "ਮੰਦਿਰੋਂ ਕੇ ਸੰਗੀਤ ਸੰਪਰਦਾਇ" ਵਿਚ ਲਿਖਦੇ ਹਨ ਕਿ "ਸਾਡੇ ਦੇਸ਼ ਵਿਚ ਸੰਗੀਤ ਆਦਿ ਕਲਾਵਾਂ ਦੇ, ਦੋ ਕੇਂਦਰ ਸਦੀਆਂ ਤੋਂ ਕਾਇਮ ਰਹੇ ਹਨ-ਇਕ ਰਾਜ ਦਰਬਾਰ ਦੂਜੇ- ਮੰਦਿਰ । ਪਰੰਤੂ ਜਦੋਂ ਸੰਗੀਤ ਕਲਾ ਦਾ ਇਤਿਹਾਸ ਲਿਖਿਆ ਜਾਂਦਾ ਹੈ ਤਾਂ 'ਰਾਜ-ਦਰਬਾਰ' ਨੂੰ ਮੁੱਖ ਰੱਖਕੇ ਲਿਖਿਆ ਜਾਂਦਾ ਹੈ ਅਤੇ 'ਮੰਦਿਰਾਂ' ਨੂੰ ਦ੍ਰਿਸ਼ਟੀਗਤ ਨਹੀਂ ਰੱਖਿਆ ਜਾਂਦਾ । ਇਸਦਾ ਕਾਰਣ ਜਾਂ ਤਾਂ ਲੇਖਕਾਂ ਦਾ ਅਗਿਆਨ ਹੈ ਜਾਂ ਭਗਤੀ ਭਾਵਨਾ ਦੀ ਕਮੀ । ਇਤਿਹਾਸ ਦੀ ਇਹ ਪ੍ਰਵ੍ਰਿਤੀ

ਰਾਜਸਥਾਨੀ-ਮੁਗ਼ਲਕਾਲੀਨ ਕਲਾਵਾਂ ਦੇ ਇਤਿਹਾਸ ਵਿਚ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ । ਇਸ ਵਿਸ਼ੇ ਦੀਆਂ ਪੁਸਤਕਾਂ ਪੜ੍ਹਨ ਤੋਂ ਇਹੀ ਅਨੁਮਾਨ ਹੁੰਦਾ ਹੈ ਕਿ ਆਮ ਲੇਖਕਾਂ ਦੀ ਦ੍ਰਿਸ਼ਟੀ ਵਿਚ ਮੁਗਲ ਰਾਜ ਤੋਂ ਬਾਹਰ ਕਲਾ, ਦੀ ਕੋਈ ਹੋਂਦ ਹੀ ਨਹੀਂ ਸੀ । ਨਤੀਜਾ ਇਹ ਹੋਇਆ ਕਿ ਕਲਾ ਦਾ ਇਤਿਹਾਸ ਇਕ ਪਾਸੜ ਹੋ ਕੇ ਰਹਿ ਗਿਆ । ਜਿਵੇਂ ਕਿ ਸੰਗੀਤ ਕਲਾ ਦੀ ਉਚੀ-ਸਿਖਰ, ਕੇਵਲ ਅਕਬਰ ਦੇ ਦਰਬਾਰ ਤਕ ਹੀ ਸੀ, ਉਸ ਤੋਂ ਪਹਿਲਾਂ ਨਹੀਂ ਸੀ । ਤਾਨਸੈਨ ਅਤੇ ਬੈਜੂ ਬਾਵਰਾ ਦੋਹਾਂ ਦੀ ਬਰਾਬਰ ਪ੍ਰਸੰਸਾ ਮਿਲਦੀ ਹੈ ਪਰੰਤੂ ਦੋਹਾਂ ਮਹਾਨ ਕਲਾਕਾਰਾਂ ਦੀ ਪ੍ਰਤਿਭਾ ਦਾ ਵਿਕਾਸ ਕਿੱਥੋਂ ਹੋਇਆ ? ਇਹ ਵਿਚਾਰ ਨਹੀਂ ਕੀਤਾ ਜਾਂਦਾ । ਇਹ ਦੋਵੇਂ ਹੀ ਕਲਾਕਾਰ, ਬ੍ਰਿੰਦਾਬਨ ਦੇ ਪ੍ਰਸਿੱਧ ਸੰਗੀਤ ਗੁਰੂ, ਸੁਆਮੀ ਹਰਿਦਾਸ ਦੇ ਸ਼ਿਸ਼ ਸਨ ਅਤੇ ਦੋਹਾਂ ਨੇ ਮੰਦਿਰ ਵਿਚ ਰਹਿ ਕੇ, ਸੰਗੀਤ ਵਿਦਿਆ ਪਾਈ ਸੀ ।

ਅੱਜ ਦੇ ਸ਼ਾਸਤਰੀ-ਗਾਇਕ, ਭਗਤੀ-ਸੰਗੀਤ ਜਾਂ ਕੀਰਤਨ ਸੰਗੀਤ ਦੇ ਸਾਧਕਾਂ ਨੂੰ ਭਜਨੀਕ, ਕਥਾਵਾਚਕ, ਕੀਰਤਨੀਆਂ ਜਾਂ ਰਾਗੀ, ਕਹਿ ਕੇ ਆਪਣੇ ਨਾਲੋਂ ਨੀਵੇਂ ਸਥਾਨ ਤੇ ਗਿਣਦੇ ਹਨ ਜਦ ਕਿ ਇਕ ਰਾਗੀ, ਕੀਰਤਨਕਾਰ ਜਾਂ ਭਜਨੀਕ ਨੂੰ ਵੀ, ਸੰਗੀਤ ਦੀ ਸਿਖਿਆ ਲੈਂਣੀ ਪੈਂਦੀ ਹੈ ਅਤੇ ਕਈ ਸਾਲਾਂ ਤਕ ਅਭਿਆਸ ਕਰਨਾ ਪੈਂਦਾ ਹੈ । ਯਥਾਰਥ ਤਾਂ ਇਹ ਹੈ ਕਿ ਭਗਤੀ ਸੰਗੀਤ ਦੇ ਸਾਧਕਾਂ ਦਾ ਸਥਾਨ - ਉਚਾ ਹੈ ਕਿਉਂਕਿ ਉਹਨਾਂ ਨੇ ਪਰੰਪਰਾਗਤ ਸੰਗੀਤ ਕਲਾ ਦੀ ਸੁਰੱਖਿਆ-ਸੰਭਾਲ ਕੀਤੀ ਹੈ ਅਤੇ ਇਸਦੇ ਰਾਹੀਂ ਸੰਗੀਤ ਅਤੇ ਅਧਿਆਤਮਕ ਵਿਚਾਰਾਂ ਦੇ ਪ੍ਰਚਾਰ ਵਿਚ ਵੀ ਯੋਗਦਾਨ ਪਾਇਆ ਹੈ । ਸੰਗੀਤਕਾਰ ਕੇਵਲ ਆਹਤ-ਨਾਦ (ਸੰਗੀਤਕ) ਦੀ ਸਾਧਨਾ ਕਰਦਾ ਹੈ ਜਦ ਕਿ ਭਗਤੀ ਸੰਗੀਤਕਾਰ - ਆਹਤ ਅਤੇ ਅਨਾਹਤ ਦੋਹਾਂ ਨਾਦਾਂ ਦੀ ਸਾਧਨਾ ਕਰਦਾ ਹੋਇਆ, 'ਮਨ-ਵਚਨ ਅਤੇ ਕਰਮ' ਰਾਹੀਂ ਸਮਾਜ-ਸੁਧਾਰ,, ਸਾਦਗੀ ਅਤੇ ਭਗਤੀ (ਪ੍ਰਮਾਤਮਾ ਦੀ ਸਿਫਤ) ਦਾ ਪ੍ਰਚਾਰ ਕਰਦਾ ਹੈ । ਇਸ ਲਈ ਉਸਦਾ ਸਥਾਨ ਦਰਬਾਰੀ ਸੰਗੀਤਕਾਰਾਂ ਨਾਲੋਂ ਉਚਾ ਬਣਦਾ ਹੈ ਕਿਉਂਕਿ 'ਦਰਬਾਰੀ' ਤਾਂ ਕੇਵਲ ਆਪਣੀ 'ਰੋਜ਼ੀ-ਰੋਟੀ' ਦੇ ਲਈ ਰਾਜਾਂ ਜਾਂ ਬਾਦਸ਼ਾਹਾਂ ਦੀ ਸਿਫਤ ਗਾਉਂਦੇ ਸਨ ।

ਸੰਗੀਤ ਕਲਾ ਦਾ ਕ੍ਰਮਿਕ ਵਿਕਾਸ, ਭਾਰਤੀ ਸਮਾਜ ਦੀ ਭਗਤੀ ਭਾਵਨਾ ਕਰਕੇ ਹੋਇਆ । ਭਗਤੀ ਸੰਗੀਤ ਦੀਆਂ ਅਨੇਕਾਂ ਸ਼ੈਲੀਆਂ ਦਾ ਨਿਰਮਾਣ ਹੋਇਆ । ਇਤਿਹਾਸਕ ਹਵਾਲਿਆਂ ਤੋਂ ਇਹ ਸਿੱਧ ਹੁੰਦਾ ਹੈ ਕਿ ਈਸ਼ਵਰ ਉਪਾਸਨਾ ਦੇ ਲਈ ਸੰਗੀਤ ਇਕ ਮਾਧਿਅਮ ਵਜੋਂ ਪ੍ਰਯੋਗ ਕੀਤਾ ਜਾਂਦਾ ਸੀ । ਅਧਿਆਤਮਕ-ਸਾਧਨਾ ਦੇ ਨਾਲ ਨਾਲ ਸੰਗੀਤ ਸਾਧਨਾ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਸੀ । ਆਧੁਨਿਕ-ਕਾਲ ਵਿਚ ਵੀ - ਗੁਰਮਤਿ-ਸੰਗੀਤ, ਅਸ਼ਟ ਛਾਪ (ਹਵੇਲੀ ਸੰਗੀਤ) ਵੈਸ਼ਨਵ ਸੰਪਰਦਾ ਅਤੇ ਹਰਿਦਾਸ ਪਰੰਪਰਾ ਵਿਚ ਸੰਗੀਤ-ਸਿੱਖਿਆ ਅਤੇ ਅਭਿਆਸ ਤੇ ਵਿਸ਼ੇਸ਼ ਜੋਰ ਦਿੱਤਾ ਜਾਂਦਾ ਹੈ । ਪੰਜਾਬ ਵਿਚ - ਨਾਮਧਾਰੀ ਸੰਪ੍ਰਦਾ, ਟਕਸਾਲੀ-ਸੰਪ੍ਰਦਾ ਅਤੇ ਗੁਰਬਾਣੀ-ਸੰਗੀਤ ਪੱਧਤੀ ਵਿਚ, ਸੰਗੀਤ ਸਿੱਖਿਆ ਅਤੇ ਸਾਧਨਾ ਦੇ ਲਈ ਉਪਰਾਲੇ ਕੀਤੇ ਗਏ ਹਨ । ਪ੍ਰਾਚੀਨ ਕਾਲ ਵਿਚ ਸਤੁਤੀਗਾਨ, ਸਤੋਤਰਗਾਨ, ਵੇਦ ਗਾਨ ਅਤੇ ਮੰਤਰਗਾਨ ਦੀਆ ਵੱਖ ਵੱਖ ਸ਼ੈਲੀਆਂ ਸਨ । ਉਨ੍ਹਾਂ ਸ਼ੈਲੀਆਂ ਦਾ ਹੀ ਵਿਕਸਤ ਰੂਪ - 'ਕੀਰਤਨ' ਪ੍ਰਚੱਲਿਤ ਹੋਇਆ । ਅੱਜ ਵੀ ਵਿਭਿੰਨ ਧਰਮਾਂ ਵਿਚ ਰਾਸ ਲੀਲਾ, ਪ੍ਰਾਰਥਨਾ, ਸ਼ਿਵਮਤ ਸੰਗੀਤ, ਆਰਤੀ, ਮਹਿਮਾਂ, ਸਤੋਤਰ, ਪੂਜਾ ਨਿਰਤ ਆਦਿ ਰਚਨਾਵਾਂ ਸੰਗੀਤਕ ਢੰਗ ਨਾਲ ਗਾਈਆਂ ਜਾਂਦੀਆਂ ਹਨ । ਇਨ੍ਹਾਂ ਵਿਚ 'ਸ਼ੈਲੀਗਤ' ਭਿੰਨਤਾ ਹੈ ਪਰ ਸੰਗੀਤ ਦੇ ਮੂਲ ਭੂਤ ਸਿਧਾਂਤਾਂ ਸੰਬੰਧੀ ਕੋਈ ਭਿੰਨਤਾ ਨਹੀਂ ਹੈ ।

ਸਿੱਖ ਧਰਮ ਵਿਚ ਆਦਿ ਕਾਲ ਤੋਂ ਹੀ ਭਗਤੀ ਭਾਵ ਦੇ ਲਈ ਸੰਗੀਤ (ਕੀਰਤਨ) ਦਾ ਪ੍ਰਯੋਗ ਹੋ ਰਿਹਾ ਹੈ ਪਰੰਤੂ ਕੀਰਤਨਕਾਰਾਂ ਵਿਚ 'ਰਾਗ ਰੱਸ' ਅਤੇ 'ਭਾਵ-ਰੱਸ' ਦੀ ਜਾਣਕਾਰੀ ਰੱਖਣ ਵਾਲਿਆਂ ਦੀ ਗਿਣਤੀ ਘੱਟ ਹੈ । ਜਿਵੇਂ ਸ਼ਾਸਤ੍ਰੀ ਸੰਗੀਤਕਾਰ ਬਿਨਾਂ ਸੋਚੇ ਸਮਝੇ 'ਰਾਗ-ਰੰਗ' ਨੂੰ 'ਰਾਗ -ਜੰਗ' ਦਾ ਅਖਾੜਾ ਬਣਾ ਦੇਂਦੇ ਹਨ ਉਵੇਂ ਹੀ ਕਈ ਵਾਰੀ 'ਕੀਰਤਨਕਾਰ' ਵੀ ਸੁਰ-ਤਾਲ ਦੇ ਸਹਾਰੇ 'ਕਵਿਤਾ' ਦੀ ਝੜੀ ਜਾਂ 'ਤਾਨਾਂ' ਦੀ ਝੜੀ ਲਗਾ ਦੇਂਦੇ ਹਨ । ਕਈ, ਕੀਰਤਨ ਵਿਚ ਵਿਆਖਿਆ ਵੀ ਕਰ ਦੇਂਦੇ ਹਨ । ਕਈ ਫਿਲਮੀ ਤਰਜ਼ਾਂ ਤੇ ਹੀ ਕੀਰਤਨ ਕਰਦੇ ਹਨ ਜੋ ਸਿਧਾਂਤਕ ਰੂਪ ਵਿਚ ਠੀਕ ਨਹੀਂ । ਪੰਡਿਤ ਭਾਸਕਰ ਰਾਵ ਬਖਲੇ, ਉਸਤਾਦ ਫਿਆਜ ਖਾਂ, ਉਸਤਾਦ ਅਬਦੁਲ ਕਰੀਮ ਖ਼ਾਂ, ਉਸਤਾਦ ਬੜੇ ਗੁਲਾਮ ਅਲੀ ਖਾਂ, ਉ. ਅਮੀਰ ਖਾਂ ਅਤੇ ਪੰ. ਉਮਕਾਰ ਨਾਥ ਠਾਕੁਰ ਦੇ ਗਿਣੇ-ਚੁਣੇ ਸ਼ਿਸ਼ਾਂ ਵਿਚ ਐਸੇ ਕਲਾਕਾਰ ਹਨ ਜਿਨ੍ਹਾਂ ਨੂੰ 'ਰਾਗ-ਪੱਖ' ਅਤੇ 'ਭਾਵ-ਪੱਖ' ਨਾਲ ਪ੍ਰੀਤੀ ਹੈ । ਪਤਾ ਨਹੀਂ ਕਿਉਂ 'ਸੰਗੀਤ' ਨੂੰ 'ਮੁਕਤੀ' ਦਾ ਸਾਧਨ ਕਹਿਣ ਵਾਲੇ ਸੰਗੀਤਕਾਰ/ਕੀਰਤਨਕਾਰ ਕਦੋਂ ਇਸ 'ਤੱਤ' ਵੱਲ ਧਿਆਨ ਦੇਣਗੇ ? (ਚਲਦਾ)

# ਸੁਖ ਸ਼ਾਂਤ ਸਹਿਜ ਅਨੰਦ

**ਬਲਵਿੰਦਰ ਸਿੰਘ, ਕਾਨਪੁਰ**

ਸਾਰੀ ਦੁਨੀਆਂ ਸੁਖ ਚਾਹੁੰਦੀ ਹੈ । ਦੁੱਖ ਕੀਹਨੂੰ ਚੰਗਾ ਲੱਗਦਾ ਹੈ । ਦੁੱਖ ਆਵੇ ਤਾਂ ਡਾਕਟਰੀ ਉਪਾਵਾਂ ਤੋਂ ਇਲਾਵਾ ਮਨੁੱਖ ਕਿਥੇ-ਕਿਥੇ ਨਹੀਂ ਜਾਂਦਾ । ਧਾਗਾ ਤਵੀਤ ਕਰਦਾ ਹੈ । ਬੇਪਰਤੀਤਿਆਂ ਤੇ ਵੀ ਪ੍ਰਤੀਤ ਕਰਦਾ ਹੈ । ਮੜੀਆਂ ਅਤੇ ਕਬਰਾਂ ਪੂਜਦਾ ਹੈ । ਮੋਈਆਂ ਰੂਹਾਂ ਨੂੰ ਬੁਲਾਉਣ ਵਾਲਿਆਂ ਕੋਲ ਜਾ ਬਹਿੰਦਾ ਹੈ । ਬਾਉਲਾ ਕਰ ਦੇਣ ਵਾਲੇ ਸਿਆਣਿਆਂ ਕੋਲ ਜਾ ਕੇ ਮੱਤਾਂ ਪੁੱਛਦਾ ਹੈ । ਇੰਝ ਲੱਗਦਾ ਹੈ ਕਿ ਮੱਤ ਹੀ ਮਾਰੀ ਜਾਂਦੀ ਹੈ । ਦੁੱਖ ਨਹੀਂ ਝੱਲਿਆ ਜਾਂਦਾ ਸੁਖ ਮੰਗਦਾ ਹੈ । ਸੁਖ ਭਾਲਦਾ ਹੈ, ਦੁਖ ਟਾਲਦਾ ਹੈ ।

ਆਪਣੇ ਆਲੇ-ਦੁਆਲੇ ਸੁਖਾਂ ਦਾ ਜਮਘਟ ਜਿਹਾ ਜਮਾਂ ਕਰ ਲੈਂਦਾ ਹੈ । ਸੁਖਾਂ ਦੇ ਅੰਬਾਰ ਲਾ ਲੈਂਦਾ ਹੈ । ਆਪਣੇ ਘਰ ਨੂੰ ਤਰ੍ਹਾਂ-ਤਰ੍ਹਾਂ ਦੀਆਂ ਸੁਖਦਾਇਕ ਵਸਤਾਂ ਨਾਲ ਸਜਾਉਂਦਾ ਹੈ । ਸੋਹਣਾ ਕੱਪੜਾ, ਜੁੱਤੀ, ਗੱਦੇਦਾਰ ਆਰਾਮ ਦੇ ਪਲੰਘ, ਸਾਫ ਸੁਥਰਾ ਨਰਮ ਸੋਫਾ, ਸੋਫੇ ਥੱਲੇ ਗਲੀਚਾ, ਡਰਾਇੰਗ ਰੂਮ ਵਿਚ ਕੀਮਤੀ ਪਿੱਤਲ ਦੇ ਗਮਲਿਆਂ ਵਿੱਚ ਬੂਟੇ ਤੇ ਘਰ ਦੇ ਬਾਹਰ ਬਗੀਚੇ, ਗਰਮੀਆਂ ਵਿੱਚ ਪੱਖੇ, ਕੂਲਰ, ਏਅਰਕੰਡੀਸ਼ਨਰ, ਸਰਦੀਆਂ ਵਿਚ ਨਰਮ ਕੰਬਲ, ਰਜਾਈਆਂ, ਤਿਲਾਈਆਂ, ਰੂਮ ਹੀਟਰ, ਬਲੋਅਰ । ਮਨ ਪਰਚਾਉਣ ਨੂੰ ਰੰਗੀਨ ਟੀ. ਵੀ. ਨਾਲ ਕੇਬਲ ਤੇ ਵੀ.ਸੀ. ਆਰ । ਸਵਾਰੀ ਲਈ ਸਕੂਟਰ, ਕਾਰਾਂ ਤੇ ਹੋਰ ਕਈ ਪ੍ਰਕਾਰ ਦੇ ਆਰਾਮ ਆਸਾਇਸ਼ ਘਰ ਦੇ ਵਿੱਚ ਜੁਟਾ ਲੈਂਦਾ ਹੈ । ਘਰ ਬੈਠੇ ਹੀ ਸ਼ਹਿਰ ਅੰਦਰ ਦੇ ਮਿੱਤਰਾਂ ਵਪਾਰੀਆ ਅਤੇ ਵਿਦੇਸ਼ਾਂ ਦੇ ਵਿਚ ਰਹਿੰਦੇ ਸਨੇਹੀਆਂ ਸੰਬੰਧੀਆਂ ਦੇ ਨਾਲ ਗੱਲਾਂ ਕਰਨ ਲਈ ਟੈਲੀਫੋਨ ਕਿਤਨਾ ਕੁਝ ਆਪਣੇ ਜੋਗਾ ਆਪਣੇ ਆਲੇ-ਦੁਆਲੇ ਇਕੱਤਰਤ ਕਰ ਲੈਂਦਾ ਹੈ ।

ਘਰ ਦੇ ਅੰਦਰ ਰਸੋਈ ਵਿੱਚ ਮੰਤਰ ਵਾਂਗੂੰ ਖਾਣਾ-ਪੀਣਾ ਤਿਆਰ ਕਰਨ ਦੇ ਯੰਤਰ ਗੈਸ, ਮਿਕਸੀ, ਜੂਸਰ, ਕੁਕਿੰਗ ਰੇਂਜ ਹੁਣ ਤੇ ਮਾਈਕਰੋਵੇਵ ਵੀ ਕਈਆ ਨੇ ਰਸੋਈ ਵਿੱਚ ਫਿੱਟ ਕਰਾ ਲਈ ਹੈ । ਗੁਸਲਖਾਨੇ ਦੇ ਅੰਦਰ ਜਿਥੇ ਬੰਦਾ ਨਹਾਉਣ ਲਈ ਜਾਂਦਾ ਹੈ ਜਾਂ ਇੰਝ ਕਹੀਏ ਕਿ ਆਪਣੇ ਸਰੀਰ ਦੀ ਮੈਲ ਉਤਾਰਨ ਲਈ ਜਾਂਦਾ ਹੈ । ਉਸ ਦੇ ਅੰਦਰ ਤੱਤਾ, ਠੰਢਾ ਪਾਣੀ, ਹੱਥ ਧੋਣ ਨਹਾਉਣ ਆਦਿ ਦੀਆਂ ਸਹੂਲਤਾਂ ਆਪ ਮੁਹਾਰੇ ਚੱਲਣ ਵਾਲੇ ਫੁਹਾਰੇ ਦੇ ਨਾਲ-ਨਾਲ ਇੰਨਾਂ ਸੰਗਮਰਮਰ ਲਾ ਲੈਂਦਾ ਹੈ ਜਿਵੇਂ ਕਿ ਇਹ ਗੁਸਲਖਾਨਾ ਨਾ ਹੋ ਕੇ ਇੱਕ ਛੋਟਾ ਤਾਜ ਮਹਲ ਹੋਵੇ । ਕਿੰਨੇ ਕੁ ਸੁਖ ਗਿਣੀਏ ਇਹਦਾ ਕੋਈ ਅੰਤ ਹੈ ? ਮਨੁੱਖ ਸੁਖਾਂ ਪਿੱਛੇ ਭੱਜਦਾ-ਭੱਜਦਾ ਦੁਖੀ ਹੋ ਜਾਂਦਾ ਹੈ । ਟੁਟ ਜਾਂਦਾ ਹੈ ਜਿਵੇਂ । ਸੁਖ ਤਾਂ ਹੁੰਦੇ ਨੇ ਪਰ ਸੁਖਾਂ ਨੂੰ ਮਾਣ ਨਹੀਂ ਸਕਦਾ । ਇਹ ਦੁਖਾਂ ਦਾ ਕਾਰਨ ਹੀ ਬਣ ਜਾਂਦੇ ਹਨ ।

**ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ ॥**
**ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ ॥**
**ਮਾਨਸ ਜਨਮ ਅਕਾਰਥ ਖੋਵਤ ਲਾਜ ਨਾ ਲੋਕ ਹਸਨ ਕੀ ॥**
**ਨਾਨਕ ਹਰਿ ਜਸੁ ਕਿਉ ਨਹੀ ਗਾਵਤ ਕੁਮਤਿ ਬਿਨਾਸੈ ਤਨ ਕੀ ॥**

ਇਹਨਾਂ ਸੁਖਾਂ ਨੂੰ ਕੱਠਿਆਂ ਕਰਨ ਵਾਸਤੇ ਕਈ ਵਾਰੀ ਅਨਭਾਉਂਦੇ ਤੇ ਅਣਚਾਹੇ ਮਨੁੱਖਾਂ ਕੋਲ ਵੀ ਜਾਂਦਾ ਹੈ । ਬੰਦੇ-ਕੁਬੰਦੇ ਦੀ ਚਾਪਲੂਸੀ ਕਰਦਾ ਹੈ । ਅਤੇ ਇਹ ਲੋਭ ਲਾਲਚ ਦਾ ਮਾਰਿਆ ਕੁੱਤੇ ਵਾਂਗੂ ਦਰ-ਦਰ ਫਿਰਦਾ ਹੈ । ਲੋਭ ਵਸ ਹੋ ਕੇ ਬਹੁਤ ਵਾਰੀ ਇੰਨੇ ਹੀਣੇ ਕੰਮ ਕਰਦਾ ਹੈ ਕਿ ਲੋਕ ਲਾਜ ਤੱਕ ਨੂੰ ਭੁੱਲ ਜਾਂਦਾ ਹੈ ਅਤੇ ਉਸਨੂੰ ਇਹ ਵੀ ਵਿੱਸਰ ਜਾਂਦਾ ਹੈ ਕਿ ਇਹਨਾਂ ਹਾਸੋ-ਹੀਣੇ ਕੰਮਾਂ ਕਾਰਨ ਮੈਂ ਲੋਕਾਂ ਦੇ ਮਖੌਲ ਦਾ ਵਿਸ਼ਾ ਬਣ ਗਿਆ ਹਾਂ । ਬੇਸ਼ਕੀਮਤ ਜੀਵਨ ਮੁਫਤ ਵਿੱਚ ਅੰਵਾਈ ਗੁਆ ਦਿੰਦਾ ਹੈ । ਸੁਖ ਫਿਰ ਵੀ ਹੱਥ ਨਾ ਆਇਆ । ਇਸ ਦਾ ਕਾਰਨ ਲੱਭਣ ਦਾ ਕਦੀ ਕਿਸੇ ਯਤਨ ਕੀਤਾ ਹੈ ? ਜੇ ਕੀਤਾ ਹੈ ਤਾਂ ਨਤੀਜਾ ਸਹੀ ਨਹੀਂ ਕੱਢਿਆ । ਨਤੀਜਾ ਕੱਢਿਆਂ ਹੈ ਕੇਵਲ ਗੁਰੂ ਪਿਤਾ ਗੁਰਬਾਣੀ ਨੇ । ਗੁਰਬਾਣੀ ਵਿੱਚ ਗੁਰੂ ਪਾਤਸ਼ਾਹ ਹੁਕਮ ਕਰਦੇ ਹਨ ।

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥**
**ਸੁਖ ਸਨੇਹੁ ਅਰੁ ਭੈ ਨਹੀ ਜਾ ਕੇ ਕੰਚਨ ਮਾਟੀ ਮਾਨੈ ॥੧॥ਰਹਾਉ॥**

ਦੁਖ ਦਾ ਕਾਰਨ ਸਪੱਸ਼ਟ ਹੋਇਆ ਕਿ ਮਨੁੱਖ ਨੇ ਕੱਠੇ ਕੀਤੇ ਸੁਖਾਂ ਨਾਲ ਪ੍ਰੀਤੀ ਪਾ ਲਈ ਭਾਵ ਸੁਖਾਂ ਨਾਲ ਇੰਝ ਸਨੇਹ ਪਾ ਲਿਆ ਕਿ ਉਹਨਾਂ ਦਾ ਹੀ ਗੁਲਾਮ ਹੋ ਗਿਆ । ਸੁਖ ਤਾਂ ਕੱਠੇ ਕੀਤੇ ਸਨ ਖੁਸ਼ ਹੋਣ ਲਈ ਪਰ ਭੈ ਇਹ ਪੈ ਗਿਆ ਕਿ ਸੁਖ ਕਿਧਰੇ ਖੁੱਸ ਨਾ ਜਾਣ । ਇਹਨਾਂ ਸੁਖਦਾਈ ਵਸਤਾਂ ਨੇ ਸੁਖ ਦੇਣਾ ਸੀ ਪਰ ਉਲਟਾ ਭੈ ਦਾ ਕਾਰਨ ਬਣ ਗਈਆਂ । ਭੈ ਭਰਮ ਪੈਦਾ ਕਰਦਾ ਹੈ । ਜਿਸ ਕਾਰਨ ਸੁਖ ਤੇ ਸੁਖਦਾਇਕ ਵਸਤਾਂ ਹੋਣ ਦੇ ਬਾਵਜੂਦ ਮਨੁੱਖ ਅੰਦਰੋਂ ਡਰਿਆ-ਡਰਿਆ ਤੇ ਉਪਰੋਂ ਭਰਮ ਦੀ ਦੁਨੀਆਂ ਵਿੱਚ ਵਿਚਰਦਾ ਹੈ ।

ਗੁਰਮਤਿ ਕੋਈ ਸੁਖ ਭੋਗਣ ਲਈ ਮਨ੍ਹਾਂ ਨਹੀਂ ਕਰਦੀ, ਹਾਂ ਸੁਖਾਂ ਨਾਲ ਪ੍ਰੀਤੀ ਪਾ ਕੇ ਬਹਿ ਜਾਣ ਨੂੰ ਨਹੀਂ ਸਵੀਕਾਰਦੀ । ਸੁਖ ਤੋਂ ਬਾਦ ਇਕਦਮ ਸ਼ਾਂਤੀ ਪ੍ਰਾਪਤ ਹੋਣੀ ਚਾਹੀਦੀ ਹੈ । ਪਰ ਆਮ ਮਨੁੱਖ ਵਿੱਚ ਅਸ਼ਾਂਤੀ, ਭੈ ਅਤੇ ਭਰਮ ਪੈਦਾ ਹੁੰਦਾ ਹੈ । ਉਹ ਅਜਿਹਾ ਉਲਝਦਾ ਹੈ ਕਿ ਦਲ-ਦਲ ਵਾਂਗੂੰ ਜੀਵਨ ਮਾਰਗ ਤੇ ਇੱਕ ਕਦਮ ਵੀ ਪੁਟਿਆ ਨਹੀਂ ਜਾ ਰਿਹਾ ਹੁੰਦਾ । ਇੱਕ ਗੱਲ ਹੋਰ ਸਦਾ ਉਸਨੂੰ ਕੰਡੇ ਵਾਂਗ ਚੁਭਦੀ ਰਹਿੰਦੀ ਹੈ । ਜਿਸਦਾ ਉਸਨੂੰ ਪਤਾ ਨਹੀਂ ਲੱਗਦਾ । ਉਹ ਸੋਚਦਾ ਹੈ ਕਿ ਇਹ ਵਸਤਾਂ ਮੈਂ ਕੱਠੀਆਂ ਕੀਤੀਆਂ ਹਨ । ਮੈਂ ਦਿਨ ਰਾਤ ਮਿਹਨਤ ਕੀਤੀ ਹੈ । ਮੈਂ ਘੱਟਾ ਘੱਤਦਾ ਰਿਹਾ ਹਾਂ, ਮੈਂ ਮਰ-ਮਰ ਕੇ ਇਹ ਸਭ ਜਮਾਂ ਕੀਤਾ ਹੈ । ਸਮੁੱਚੇ ਤੌਰ ਤੇ ਇਹ ਭਾਵਨਾ ਉਸਦੇ ਅੰਦਰ ਹਉਮੈ ਪੈਦਾ ਕਰ ਦਿੰਦੀ ਹੈ । ਹਉਮੈ ਉਸ ਚਿੱਕੜ ਅਤੇ ਦਲ-ਦਲ ਵਿਚ ਫਸੇ ਹੋਏ ਮਨੁੱਖ ਨੂੰ ਰੱਬ ਵੀ ਭੁਲਾ ਦਿੰਦੀ ਹੈ । ਇਹਨਾਂ ਸੁਖਦਾਈ ਦਾਤਾਂ ਦੇ ਕਾਰਨ ਰੱਬ ਦਾ ਸ਼ੁਕਰ ਤਾਂ ਕੀ ਕਰਨਾ ਹੈ ਉਹ ਚਿੱਕੜ ਵਿਚੋਂ ਨਿਕਲਣ ਲਈ ਅਰਦਾਸ ਕਰਨ ਜੋਗਾ ਵੀ ਨਹੀਂ ਰਹਿੰਦਾ ।

**ਹਰਿ ਦਇਆ ਪ੍ਰਭ ਧਾਰਹੁ ਪਾਖਣ ਹਮ ਤਾਰਹੁ ਕਾਢਿ ਲੇਵਹੁ ਸਬਦਿ ਸੁਭਾਇ ਜੀਉ ॥**
**ਮੋਹਿ ਚੀਕੜ ਫਾਥੇ ਨਿਘਰਤ ਹਮ ਜਾਤੇ ਹਰਿ ਬਾਂਹ ਪ੍ਰਭ ਪਕਰਾਇ ਜੀਉ ॥**

ਗੁਰੂ ਸਾਹਿਬ ਕਿਤਨੀ ਸਪੱਸ਼ਟ ਗੱਲ ਦੱਸ ਰਹੇ ਹਨ ਕਿ ਪਦਾਰਥਕ ਸੁਖਾਂ ਦੀ ਦੌੜ ਵਿਚ ਅੰਨਾ ਹੋਇਆ ਮਨੁੱਖ ਪੱਥਰ ਵਰਗਾ ਜੜ ਤੇ ਨਿਰਜਿੰਦ ਜਿਹਾ ਹੋ ਗਿਆ ਹੈ । ਉਸਨੂੰ ਆਤਮਾ ਦੀ ਆਵਾਜ਼ ਸੁਣਾਈ ਨਹੀਂ ਦਿੰਦੀ ਅਤੇ ਚਿੱਕੜ ਵਿੱਚ ਡੁੰਬਦਾ ਤੇ ਖੁਭਦਾ ਜਾ ਰਿਹਾ ਹੈ । ਗੁਰੂ ਸ਼ਬਦ ਦਾ ਸੁਭਾਅ ਜਾਨਣ ਤੇ ਪਹਿਚਾਨਣ ਤੋਂ ਅਸਮਰੱਥ ਹੈ ।

ਇਹੀ ਕਾਰਨ ਹੈ ਕਿ ਇਹ ਸੁਖ ਉਸਨੂੰ ਸ਼ਾਂਤੀ ਨਹੀਂ ਦੇ ਸਕਦੇ । ਦਿੰਦੇ ਹਨ ਤਾਂ ਇਕ ਭਟਕਣਾ, ਹਉਮੈ, ਬੌਰਾਪਨ ਅਤੇ ਅਸੰਤੁਲਿਨ । ਜਦ ਗੁਰਮੁਖ ਜਨ ਵਾਹਿਗੁਰੂ ਦੀਆਂ ਦਿੱਤੀਆਂ ਦਾਤਾਂ ਅਤੇ ਸੁਖਾਂ ਨੂੰ ਭੋਗ ਰਿਹਾ ਹੁੰਦਾ ਹੈ ਤਾਂ ਉਹ ਦੇਣ ਵਾਲੇ ਨੂੰ ਯਾਦ ਕਰਦਾ ਹੈ । ਉਸਦਾ ਸ਼ੁਕਰ ਕਰਦਾ ਹੈ । ਜਦੋਂ ਮੂੰਹ ਵਿੱਚ ਗੁਹੀ ਪਾਉਂਦਾ ਹੈ ਤਾਂ ਸਹਿਜ ਸੁਭਾਏ ਮੂੰਹ ਵਿਚੋਂ ਆਵਾਜ਼ ਨਿਕਲਦੀ ਹੈ ।

**ਰੈਣਿ ਦਿਨਸੁ ਪਰਭਾਤਿ ਤੂ ਹੈ ਹੀ ਗਾਵਣਾ ॥**
**ਜੀਅ ਜੰਤ ਸਰਬਤ ਨਾਉ ਤੇਰਾ ਧਿਆਵਣਾ ॥**
**ਤੂ ਦਾਤਾ ਦਾਤਾਰ ਤੇਰਾ ਦਿਤਾ ਖਾਵਣਾ ॥**

ਹੇ ਦਾਤਾ ਤੂੰ ਦਾਤਾਰ ਹੈ ਤੇ ਮੈਨੂੰ ਮੇਹਰ ਕਰਕੇ ਦਾਤਾਂ ਬਖਸ਼ ਰਿਹਾ ਹੈ । ਮੈਂ ਦਿਨ ਰਾਤ ਪ੍ਰਭਾਤ ਤੇਰਾ ਧੰਨਵਾਦੀ ਹਾਂ । ਤੂੰ ਮੈਨੂੰ ਸੁਖ ਦਿੱਤੇ ਹਨ ਮੈਨੂੰ ਸੱਜਣ ਪੁਰਖਾਂ ਦੀ ਸੰਗਤ ਵੀ ਬਖਸ਼ । ਸਾਧ ਸੰਗਤ ਦੀ ਦਾਤ ਵੀ ਦੇ, ਤਾਂ ਜੋ ਮੇਰੇ ਸਾਰੇ ਪਾਪ ਮੁੱਕ ਜਾਣ । ਮੈਂ ਤੇਰੇ ਤੋਂ ਕੁਰਬਾਨ ਹਾਂ । ਬਲਿ-ਬਲਿ ਜਾਂਦਾ ਹਾਂ । ਮੇਰੇ ਵਰਗੇ ਹੋਰ ਕਿਨੇ ਜੀਵ ਹਨ, ਪਰ ਤੂੰ ਆਪਣਾ ਜਾਣ ਕੇ ਮੇਰੇ ਤੇ ਕਿਰਪਾ ਕਰਦਾ ਹੈ । ਉਹ ਗੁਰਮੁਖ ਸੱਜਣ ਇਹਨਾਂ ਦਾਤਾਂ ਨੂੰ ਦੂਜਿਆਂ ਨਾਲ ਵੰਡ ਕੇ ਇੱਕ ਸੰਤੁਸ਼ਟਤਾ ਪ੍ਰਾਪਤ ਕਰਦਾ ਹੈ । ਇਸ ਸੰਤੁਸ਼ਟਤਾ ਵਿਚੋਂ ਇੱਕ ਸ਼ਾਂਤੀ ਦਾ ਜਨਮ ਹੁੰਦਾ ਹੈ । ਉਹ ਸ਼ਾਂਤੀ ਸੁਖਾਂ ਨੂੰ ਭੋਗਣ ਯੋਗ ਅਤੇ ਜੀਵਨ ਨੂੰ ਜੀਉਣਯੋਗ ਬਣਾ ਦਿੰਦੀ ਹੈ । ਇਸ ਦੇ ਬਿਪਰੀਤ ਖੋਹ-ਖਸੁੱਟ ਕਰਕੇ ਖਾਧਾ ਅਤੇ ਵਰਤਿਆਂ ਸਾਜ਼ੋ-ਸਮਾਨ ਸ਼ਾਂਤੀ ਪ੍ਰਦਾਨ ਨਹੀਂ ਕਰਦਾ । ਸਗੋਂ ਮਨ ਦੇ ਵਿੱਚ ਹਰ ਵੇਲੇ ਇੱਕ ਵਾਵਰੋਲੇ ਵਾਂਗ ਉਥਲ-ਪੁਥਲ ਜਿਹੀ ਪੈਦਾ ਕਰਦਾ ਰਹਿੰਦਾ ਹੈ । ਇੱਕ ਧੁੜਕੂੰ ਜਿਹਾ ਲੱਗਿਆ ਰਹਿੰਦਾ ਹੈ । ਇੱਕ ਲਗਾਤਾਰ ਜਿਹੀ ਅਸ਼ਾਂਤੀ ਅੰਦਰ ਬਣੀ ਰਹਿੰਦੀ ਹੈ । ਓਪਰੇ ਤੌਰ ਤੇ ਭਾਵੇਂ ਉਹ ਨਜ਼ਰ ਨਹੀਂ ਆਉਂਦੀ ਨਾ ਹੀ ਜਿਸਦੇ ਅੰਦਰ ਇਹ ਹੁੰਦੀ ਹੈ ਉਹ ਇਸਨੂੰ ਮੰਨਣ ਲਈ ਤਿਆਰ ਹੁੰਦਾ ਹੈ । ਉਸਨੂੰ ਜਦ ਵੀ ਪੁੱਛੋ ਉਹ ਇਹੀ ਉਤਰ ਦਿੰਦਾ ਹੈ ਸਭ ਠੀਕ ਹੈ, ਸਭ ਅੱਛਾ ਹੈ । ਦਰਅਸਲ ਉਹ ਅਸ਼ਾਂਤੀ ਵਾਵਰੋਲੇ

ਅਤੇ ਉਥਲ-ਪੁਥਲ ਉਸਦੇ ਅੰਦਰ ਮਾਨਸਿਕ ਪੀੜਾ ਜਿਹੀ ਉਤਪੰਨ ਕਰੀ ਰੱਖਦੀ ਹੈ । ਜੋ ਮਾਨਸਿਕ ਰੋਗਾਂ ਦਾ ਰੂਪ ਧਾਰ ਕੇ ਉਸਦੇ ਸਰੀਰ ਉਪਰ ਛਾ ਜਾਂਦੀ ਹੈ । ਜਿਵੇਂ ਅੰਗਾਂ ਦਾ ਟੁੱਟ ਪੈਣਾ, ਸਿਰ ਦਾ ਦੁਖਣਾ, ਨੀਂਦ ਨਾ ਆਉਣਾ, ਚਿੜਚਿੜਾਪਨ ਪੈਦਾ ਹੋਣਾ ਅਤੇ ਇਸ ਪ੍ਰਕਾਰ ਦੇ ਕਈ ਹੋਰ ਦਿਮਾਗੀ ਰੋਗ ਜਨਮ ਲੈ ਲੈਂਦੇ ਹਨ । ਜੋ ਅੰਤ ਵਿਚ ਮੁਹਲਕ ਰੋਗ ਬਣ ਕੇ ਕੰਚਨ ਕਾਇਆ ਨੂੰ ਰੋਗ ਗ੍ਰਸਤ ਕਰ ਦਿੰਦੇ ਹਨ । ਰੱਬ ਦੇ ਪਿਆਰੇ ਗੁਰੂ ਵੱਲ ਮੂੰਹ ਕਰਕੇ ਤੁਰਨ ਵਾਲੇ ਗੁਰਸਿੱਖ ਗੁਰਮੁਖ ਸੁਖਾਂ ਦੇ ਭੋਗ ਤੋਂ ਇਹ ਸਭ ਕੁਝ ਪ੍ਰਾਪਤ ਨਾ ਕਰ ਸ਼ਾਂਤੀ ਪ੍ਰਾਪਤ ਕਰ ਲੈਂਦੇ ਹਨ । ਕਿਉਂ ਜੋ ਉਹਨਾਂ ਦੇ ਕਦਮ ਗੁਰਮਤਿ ਮਾਰਗ ਉਤੇ ਠੀਕ ਤੇ ਸਹੀ ਚੱਲ ਰਹੇ ਹੁੰਦੇ ਹਨ ।

ਸੁਖਾਂ ਤੋਂ ਪ੍ਰਾਪਤ ਹੋਈ ਸ਼ਾਂਤੀ ਸੱਜਣ ਪੁਰਖਾਂ ਨੂੰ ਸੰਤੋਖ ਅਤੇ ਸੰਤੁਸ਼ਟਤਾ ਪ੍ਰਦਾਨ ਕਰਦੀ ਹੈ । ਜੋ ਸਹਿਜ ਦਾ ਰੂਪ ਧਾਰਨ ਕਰ ਲੈਂਦੀ ਹੈ । ਸਹਿਜ ਵਿਚ ਵਿਚਰ ਰਿਹਾ ਮਨੁੱਖ ਡੋਲਦਾ ਨਹੀਂ ਅਸਾਵਾਂ ਸੋਚਦਾ ਨਹੀਂ, ਅਸਾਵਾਂ ਬੋਲਦਾ ਨਹੀਂ । ਉਹ ਆਪ ਤਾਂ ਉਚੀ ਅਵਸਥਾ ਦਾ ਸੁਆਦ ਮਾਣ ਰਿਹਾ ਹੁੰਦਾ ਹੈ ਆਪਣੇ ਸੰਪਰਕ ਵਿਚ ਆਉਣ ਵਾਲਿਆਂ ਨੂੰ ਵੀ ਪ੍ਰਸੰਨਤਾ ਦਿੰਦਾ ਹੈ । ਸਹਿਜ ਵਾਲੇ ਮਨੁੱਖ ਨੂੰ ਮਿਲਣ ਤੋਂ ਬਾਦ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਕਿਸੇ ਨਿਰਮਲ ਜਲ ਦੇ ਸਰੋਵਰ ਵਿੱਚ ਟੁੱਭੀ ਲਾ ਕੇ ਆਏ ਹਾਂ । ਉਸਦੀ ਦਸ਼ਾ, "ਜੋ ਆਵੇ ਸੋ ਰਾਜ਼ੀ ਜਾਵੇ " ਵਾਲੀ ਹੁੰਦੀ ਹੈ । ਉਸਨੂੰ ਮਿਲਣ ਤੋਂ ਬਾਦ ਇਹ ਦਿਲ ਕਰਦਾ ਹੈ ਕਿ ਸ਼ਾਲਾ । ਇਹ ਮਿਲਣੀ ਹੋਰ ਲੰਮੇਰੀ ਹੋ ਜਾਏ । ਉਸਦੀ ਸੰਗਤ ਵਿਚੋਂ ਭੱਜ ਜਾਣ ਨੂੰ ਦਿਲ ਨਹੀਂ ਕਰਦਾ । ਕਈ ਵਾਰੀ ਤਾਂ ਇੰਝ ਆਭਾਸ ਹੁੰਦਾ ਹੈ ਜਿਵੇਂ ਤਪਦੀ ਧੁੱਪ ਵਿਚੋਂ ਤੁਰਦਾ ਰਾਹੀ ਕਿਸੇ ਘਣੀ ਛਾਂ ਵਾਲੇ ਰੁੱਖ ਦੇ ਥੱਲੇ ਵਿਸਰਾਮ ਕਰਨ ਲਈ ਬੈਠ ਗਿਆ ਹੋਵੇ । ਸਹਿਜ ਵਾਲਿਆਂ ਦੀ ਗੱਲ ਹੀ ਨਿਰਾਲੀ ਹੁੰਦੀ ਹੈ । ਉਹਨਾਂ ਪਾਸ ਨਾ ਤਾਂ ਵਸਦੇ ਬੱਦਲਾਂ ਵਰਗੀ ਹਾਲਤ ਹੁੰਦੀ ਹੈ, ਨਾ ਹੀ ਠਾਠਾਂ ਮਾਰਦੇ ਸਮੁੰਦਰ ਵਰਗੀ, ਨਾ ਕੜੀ ਤਪਦੀ ਝੁਲਸਾਉਂਦੀ ਧੁੱਪ ਵਰਗੀ ਤੇ ਨਾ ਹੀ ਪਰਛਾਵਿਆਂ ਵਰਗੀ । ਸਹਿਜ ਵਾਲਿਆਂ ਦੇ ਦੁਆਲੇ ਨਾ ਹੀ ਉਤਪਤੀ ਵਰਗਾ ਚਾਮਲ , ਤੇ ਨਾ ਹੀ ਪਰਲੋਂ ਤੇ ਤਬਾਹੀ ਵਰਗਾ ਤਰਾਸ਼ । ਨਾ ਤਾਂ ਜੀਵਨ ਵਰਗਾ ਸ਼ੋਰ-ਸ਼ਰਾਬਾ, ਰੌਲਾ-ਰੱਪਾ ਤੇ ਨਾ ਹੀ ਮੌਤ ਵਰਗੀ ਸਿਥਲਤਾ ਭਰੀ ਸੁੰਨ ।

**ਤਹ ਪਾਵਸ ਸਿੰਧੁ ਧੂਪ ਨਹੀ ਛਹੀਆ ਤਹ ਉਤਪਤਿ ਪਰਲਉ ਨਾਹੀ ॥**
**ਜੀਵਨ ਮਿਰਤੁ ਨ ਦੁਖੁ ਸੁਖੁ ਬਿਆਪੈ ਸੁੰਨ ਸਮਾਧਿ ਦੋਊ ਤਹ ਨਾਹੀ ॥੧॥**
**ਸਹਜ ਕੀ ਅਕਥ ਕਥਾ ਹੈ ਨਿਰਾਰੀ ॥**
**ਤੁਲਿ ਨਹੀ ਚੜੈ ਜਾਇ ਨ ਮੁਕਾਤੀ ਹਲੁਕੀ ਲਗੈ ਨ ਭਾਰੀ ॥੧॥ਰਹਾਉ॥**

ਸਹਿਜ ਵਾਲਾ ਕਦੀ ਮਨ ਦੇ ਉਤੇ ਪਏ ਭਾਰ ਦਾ ਜ਼ਿਕਰ ਨਹੀਂ ਕਰੇਗਾ । ਉਸਦੇ ਮਨ ਤੇ ਭਾਰ ਹੁੰਦਾ ਹੀ ਨਹੀਂ । ਭਾਰ ਤਾਂ ਮਨ ਨੂੰ ਅਸਾਵਾਂ ਕਰਦਾ ਹੈ । ਸਹਿਜ ਵਿਚ ਵਿਚਰਨ ਵਾਲਾ ਮਨੁੱਖ ਅਸਾਵਾਂ ਹੁੰਦਾ ਹੀ ਨਹੀਂ । ਉਸਦੀ ਮਾਨਸਿਕ ਦਸ਼ਾ ਹੁਝਕਿਆ ਰਹਿਤ (ਸ਼ਾਕ ਪਰੂਫ) ਗੱਡੀ ਵਰਗੀ ਹੁੰਦੀ ਹੈ । ਸਹਿਜ ਵਾਲੇ ਦਾ ਇਹੀ ਤੰਤਰ ਹੈ । ਕਿਉਂਕਿ ਨਿਰੰਤਰ ਇਕੋ ਜਿਹਾ ਰਹਿੰਦਾ ਹੈ । ਜਿਸ ਤਰ੍ਹਾਂ ਸਾਨੂੰ ਇੱਕ ਕੱਪੜੇ ਲਾਹ ਕੇ ਦੂਜੇ ਪਾਉਣ ਵਿੱਚ ਕੋਈ ਹੈਰਾਨੀ, ਤਰੱਦਦ ਜਾਂ ਤਕਲੀਫ ਨਹੀਂ ਹੁੰਦੀ ਬਿਲਕੁਲ ਏਸੇ ਤਰ੍ਹਾਂ ਸਹਿਜ ਵਾਲੇ ਦਾ ਸੁਭਾਅ ਸੁਖ-ਦੁਖ, ਖੁਸ਼ੀ-ਗਮੀ, ਪ੍ਰਾਪਤੀ-ਨੁਕਸਾਨ, ਇੱਜ਼ਤ, ਅਪਮਾਨ ਆਦਿ ਤੋਂ ਪ੍ਰਭਾਵਤ ਨਹੀਂ ਹੁੰਦਾ ਇਕਸਾਰਾ ਰਹਿੰਦਾ ਹੈ । ਉਹ ਖੁਸ਼ੀ ਦੀ ਪ੍ਰਾਪਤੀ ਵੇਲੇ ਨਿਕੰਮੀ ਟੱਪੂ-ਟੱਪੂ ਨਹੀਂ ਕਰਦਾ ਤੇ ਕੋਈ ਅਸੁਖਾਵੀਂ ਘਟਨਾ ਵਾਪਰਨ ਤੇ ਉਤੇ ਕੰਧਾਂ ਨੂੰ ਟੱਕਰਾਂ ਵੀ ਨਹੀਂ ਮਾਰਦਾ । ਰੋਣਾ-ਪਿੱਟਣਾ ਜਾਂ ਵਿਰਲਾਪ ਨਹੀਂ ਕਰਦਾ । ਉਸਨੂੰ ਭਾਣਾ ਹੀ ਭਾਉਂਦਾ ਹੈ । ਉਹ ਜਣੇ-ਖਣੇ ਨੂੰ ਉਲਾਂਭੇ ਨਹੀਂ ਦਿੰਦਾ । ਕਿਸੇ ਉਤੇ ਕੀਤੇ ਅਹਿਸਾਨ ਦੇ ਫੀਤੇ ਨਾਲ ਉਸਦੇ ਵਿਹਾਰ ਦੀ ਪੈਮਾਸ਼ ਨਹੀਂ ਕਰਦਾ । ਉਸਦਾ ਨਾਪ ਜੋਖ ਸਾਵਾਂ ਹੈ । ਉਸਦਾ ਨਿਰਾ ਤੋਲ ਹੀ ਨਹੀਂ ਸਾਵਾਂ ਸਗੋਂ ਸਾਰੀ ਸਖਸ਼ੀਅਤ ਸਾਵੀਂ ਹੋ ਜਾਂਦੀ ਹੈ । ਇਸ ਦੁਰਲਭ ਅਵਸਥਾ ਦੀ ਪ੍ਰਾਪਤੀ ਉਸਨੂੰ ਹਉਮੈ ਤੋਂ ਦੂਰ ਅਤੇ ਰੱਬ ਦੇ ਹੋਰ ਨੇੜੇ ਕਰਦੀ ਹੈ ।

**ਸਭਿ ਮਹਿ ਵਸੈ ਪ੍ਰਭੁ ਏਕੋ ਸੋਇ ॥**
**ਗੁਰਮਤੀ ਘਟਿ ਪਰਗਟੁ ਹੋਇ ॥**
**ਸਹਜੇ ਜਿਨਿ ਪ੍ਰਭੁ ਜਾਣਿ ਪਛਾਣਿਆ ॥**
**ਨਾਨਕ ਨਾਮੁ ਮਿਲੈ ਮਨੁ ਮਾਨਿਆ ॥੪॥੧॥**

ਸਹਿਜ ਵਾਲੇ ਨੂੰ ਸਭਨਾਂ ਜੀਅ, ਜੰਤਾਂ, ਵਸਤਾਂ ਅਤੇ ਉਤਪਤੀ ਵਿਚੋਂ ਕਰਤੇ ਦੇ ਦਰਸ਼ਨ ਇਕੋ ਜਿਹੇ ਹੁੰਦੇ ਹਨ । ਅਤੇ ਇਸ ਅਵਸਥਾ ਦੀ ਪ੍ਰਾਪਤੀ ਸਹਿਜ ਵਾਲੇ ਗੁਰਮੁਖ ਦੇ ਅੰਦਰ ਗੁਰੂ ਦੀ ਦਿੱਤੀ ਮੱਤ ਦੁਆਰਾ ਸੁਤੇ ਸਿਧ ਰੂਪਮਾਨ ਹੋ ਜਾਂਦੀ ਹੈ ਅਤੇ ਇਹ ਰੂਪਮਾਨਤਾ ਮਨ ਨੂੰ ਇੱਕ ਇਹੋ

ਜਿਹਾ ਹੁਲਾਸ ਤੇ ਖੇੜਾ ਪ੍ਰਦਾਨ ਕਰਦੀ ਹੈ ਕਿ ਅਕਾਲ ਪੁਰਖ ਦੀ ਹੋਂਦ ਦ੍ਰਿਸ਼ਟੀਗੋਚਰ ਹੋ ਜਾਂਦੀ ਹੈ । ਮਨ ਅੰਦਰ ਬੇਲੋੜੇ ਫੁਰਨੇ ਨਹੀਂ ਫੁਰਦੇ, ਵਿਸ਼ਵਾਸ਼ ਵਿੱਚ ਗੁੱਝਾ ਹੋਇਆ ਮਨ ਨਾਮ ਨਾਲ ਰੱਤਿਆਂ ਜਾਂਦਾ ਹੈ ।

ਇਹ ਸਹਿਜ ਐਸੇ ਗੁਰਮੁਖ ਸੱਜਣ ਦੀ ਵਾਹਿਗੁਰੂ ਨਾਲ ਜਾਣ-ਪਛਾਣ ਪੈਦਾ ਕਰਨ ਵਿਚ ਸਹਾਈ ਹੁੰਦਾ ਹੈ । ਉਸਨੂੰ ਸਖਿਆਤ ਨਿਰੰਕਾਰ ਵਾਹਿਗੁਰੂ ਦੇ ਝਲਕਾਰੇ ਮਿਲਣ ਲੱਗ ਪੈਂਦੇ ਹਨ ਅਤੇ ਉਸਦੀ ਸਖਸ਼ੀਅਤ ਖੂਬਸੂਰਤ, ਖੁਸ਼ਬੂਦਾਰ ਅਤੇ ਮਹਿਕਾਂ ਭਰੀ ਹੋ ਜਾਂਦੀ ਹੈ ।

**ਧੁਰਿ ਕਰਮੁ ਜਿਨਾ ਕਉ ਤੁਧੁ ਪਾਇਆ ਤਾ ਤਿਨੀ ਖਸਮ ਧਿਆਇਆ ॥**
**ਏਨਾ ਜੰਤਾ ਕੇ ਵਸਿ ਕਿਛੁ ਨਾਹੀ ਤੁਧੁ ਵੇਕੀ ਜਗਤੁ ਉਪਾਇਆ ॥**
**ਇਕਨਾ ਨੋ ਤੂੰ ਮੇਲਿ ਲੈਹਿ ਇਕਿ ਆਪਹੁ ਤੁਧੁ ਖੁਆਇਆ ॥**
**ਗੁਰ ਕਿਰਪਾ ਤੇ ਜਾਣਿਆ ਜਿਥੈ ਤੁਧੁ ਬੁਝਾਇਆ ॥**
**ਸਹਜੇ ਹੀ ਸਚਿ ਸਮਾਇਆ ॥੧੧॥ਸਲੋਕ ਮ:੧॥**

ਇਹ ਸੰਭਵ ਉਦੋ ਹੀ ਹੁੰਦਾ ਹੈ ਜਦੋਂ ਵਾਹਿਗੁਰੂ ਆਪ ਕਿਰਪਾਲ ਹੁੰਦਾ ਹੈ ਇਹ ਕਿਸੇ ਮਨੁੱਖ ਜਾਂ ਵਿਸ਼ੇਸ਼ ਕਿਸਮ ਦੇ ਵੱਸ ਵਿਚ ਨਹੀਂ ਵਾਹਿਗੁਰੂ ਨੇ ਬੇਸ਼ੱਕ ਵੱਖ-ਵੱਖ ਤਰ੍ਹਾਂ ਦੇ ਲੋਕ ਪੈਦਾ ਕੀਤੇ ਹਨ । ਪਰ ਇਹ ਲੋਕ ਇਸ ਵਿਚ ਕੋਈ ਵਿਸੇਸ਼ ਭੂਮਿਕਾ ਅਦਾ ਕਰਨ ਦੇ ਸਮਰੱਥ ਨਹੀਂ । ਸਮਰੱਥ ਵਾਹਿਗੁਰੂ ਆਪੇ ਹੀ ਰਚਨ ਰਚਾ ਕੇ ਕੁਝ ਰੂਹਾਂ ਨੂੰ ਬਖਸ਼ ਕੇ ਆਪਣੇ ਨਾਲ ਮੇਲ ਲੈਂਦਾ ਹੈ । ਅਤੇ ਕਿਤੇ ਹੋਰ ਭਟਕਦੇ ਰਹਿ ਜਾਂਦੇ ਹਨ । ਗੁਰੂ ਹੀ ਕਿਰਪਾ ਕਰਕੇ ਹਿਰਦੇ ਅੰਦਰ ਇੱਕ ਜੋਤ ਜਿਹੀ ਜਗਾ ਦਿੰਦਾ ਹੈ ਜਿਸ ਦੇ ਚਾਨਣ ਕਾਰਨ ਉਹ ਸਹਿਜ ਹੀ ਸੱਚ ਵਿੱਚ ਸਮਾਵੇਸ ਕਰ ਜਾਂਦਾ ਹੈ ।

ਇਸ ਸਹਿਜ ਕਾਰਨ ਹੀ ਅਨੰਦ ਦੀ ਪ੍ਰਾਪਤੀ ਹੁੰਦੀ ਹੈ । ਅਨੰਦ ਖੁਦ ਵਾਹਿਗੁਰੂ ਹੈ । ਵਾਹਿਗੁਰੂ ਹੀ ਅਨੰਦ ਦਾ ਮੂਲ ਹੈ । ਅਨੰਦ ਇੱਕ ਸਦੀਵੀ ਖੁਸ਼ੀ ਹੈ । ਸਦੀਵੀ ਕੁੱਝ ਵੀ ਨਹੀਂ ਸਿਰਫ ਵਾਹਿਗੁਰੂ ਹੀ ਸਦੀਵੀ ਹੈ । ਅਨੰਦ ਦੀ ਅਵਸਥਾ ਦਾ ਬਿਆਨ ਬਹੁਤ ਮਹਾਨ ਹੈ । ਪਰ ਕਰਨਾ ਬਹੁਤ ਮੁਸ਼ਕਲ ਹੈ । ਅਨੰਦ ਸਰੂਪ ਵਾਹਿਗੁਰੂ ਡੁਬਦੇ ਲਈ ਬੇੜੀ ਹੈ, ਬੁਝਦੇ ਦੀਵੇ ਲਈ ਤੇਲ ਵਾਂਗ ਹੈ । ਜੰਗ ਵਿੱਚ ਦੁਸ਼ਮਣਾਂ ਨਾਲ ਘਿਰੇ ਮਨੁੱਖ ਲਈ ਸਕੇ ਭਰਾ ਵਾਂਗ ਹੈ । ਭੁੱਖੇ ਬੱਚੇ ਨੂੰ ਦੁੱਧ ਪਿਆਉਂਦੀ ਮਾਂ ਦੀ ਤਰ੍ਹਾਂ ਹੈ, ਸੁੱਕੀ ਖੇਤੀ ਉਤੇ ਵਸਦੇ ਮੀਂਹ ਵਾਂਗ ਹੈ । ਜਿਸ ਤਰ੍ਹਾਂ ਸ਼ੇਰ ਕੋਲ ਪੁੱਜ ਜਾਣ ਨਾਲ ਨਿਰਭੈਤਾ ਹੋ ਜਾਂਦੀ ਹੈ, ਵਾਹਿਗੁਰੂ ਇੰਝ ਹੈ ਜਿਵੇਂ ਪਿੰਜਰੇ ਵਿੱਚ ਬੰਦ ਤੋਤੇ ਦਾ ਬਿੱਲੀ ਕੁਝ ਵੀ ਨਹੀਂ ਵਿਗਾੜ ਸਕਦੀ, ਇਸੇ ਤਰ੍ਹਾਂ ਵਾਹਿਗੁਰੂ ਭਗਤ ਜਨਾਂ ਦੀ ਰੱਖਿਆ ਕਰਕੇ ਅਨੰਦਤ ਕਰਦਾ ਹੈ । ਵਾਹਿਗੁਰੂ ਦੀ ਉਪਮਾ ਕਰਦੇ ਜਾਈਏ, ਕਰਦੇ ਜਾਈਏ ਤਾਂ ਫਿਰ ਵੀ ਇਹੀ ਲਗਦਾ ਹੈ ਕਿ ਅਜੇ ਪੂਰੀ ਤਰ੍ਹਾਂ ਗੱਲ ਕਹੀ ਨਹੀਂ ਜਾ ਸਕੀ । ਸਤਿਗੁਰੂ ਪਾਤਸ਼ਾਹ ਇਸ ਬਾਰੇ ਅਤੀ ਸੁੰਦਰ ਫੁਰਮਾਨ ਕਰਦੇ ਹਨ ।

**ਬਹੁਤੁ ਉਪਮਾ ਥੋਰ ਕਹੀ ॥**
**ਹਰਿ ਅਗਮ ਅਗਮ ਅਗਾਧਿ ਤੁਹੀ ॥**

ਆਮ ਮਨੁੱਖ, ਮਨ ਦੇ ਮਗਰ ਲੱਗਾ ਸੁਖਾਂ ਦੀ ਪ੍ਰਾਪਤੀ ਨਾਲ ਬੌਰਾ ਤੇ ਹੰਕਾਰੀ ਹੋ ਜਾਂਦਾ ਹੈ । ਰਾਹ ਤੋਂ ਉਖੜ ਕੁਰਾਹੇ ਪੈ ਕੇ ਓਜੜ ਪੈ ਗੁਆਚ ਹੀ ਜਾਂਦਾ ਹੈ । ਗੁਰਮੁਖ ਸੁਖ ਦੀ ਪ੍ਰਾਪਤੀ ਤੋਂ ਬਾਦ ਸ਼ਾਂਤੀ ਵਿੱਚ ਆਉਂਦਾ ਹੈ । ਸ਼ਾਂਤੀ ਉਸ ਲਈ ਇੱਕ ਕ੍ਰਾਂਤੀ ਬਣ ਸਹਿਜ ਸੁਭਾਏ ਉਸਨੂੰ ਸਹਿਜ ਦੇ ਆਸਣ ਤੇ ਲਿਆ ਬਿਠਾਉਂਦੀ ਹੈ । ਸਹਿਜ, ਅਨੰਦ ਦਾ ਦੁਆਰਾ ਹੈ ਜਾ ਇੰਜ ਕਹੀਏ ਕਿ ਸਹਿਜ ਵਾਲਾ ਮਨੁੱਖ, " ਸੋ ਦੁੱਰ" ਤੇ ਪੁੱਜ ਜਾਂਦਾ ਹੈ । ਹੁਣ ਅਨੰਦ ਮੂਲ ਅਨੰਦ ਰੂਪ, ਸਦਾ ਅਨੰਦ, ਸਦੀਵੀ ਅਨੰਦ ਵਾਹਿਗੁਰੂ ਉਸਨੂੰ ਆਪਣੇ ਗਲ ਨਾਲ ਲਾ ਕੇ ਆਪਣੇ ਵਿੱਚ ਅਭੇਦ ਕਰਕੇ ਆਪਣਾ ਹੀ ਰੂਪ ਬਣਾ ਲੈਂਦਾ ਹੈ । ਫਿਰ ਕੋਈ ਰੋਗ, ਸੋਗ, ਦੋਖ, ਜਰਾ, ਮਰਾ, ਕਾਲ, ਤਾਪ, ਸੰਤਾਪ ਆਦਿ ਕੁਛ ਨਹੀਂ ਰਹਿ ਜਾਂਦਾ । ਵਾਹਿਗੁਰੂ ਅਜਿਹੇ ਗੁਰਮੁਖਾਂ ਦੀ ਰੱਖਿਆ ਇਸ ਤਰ੍ਹਾਂ ਕਰਦਾ ਹੈ ਜਿਸ ਤਰ੍ਹਾਂ ਬਾਪ ਆਪਣੇ ਬੱਚਿਆਂ ਦੀ । ਇਸ ਪੰਧ ਦੇ ਪਾਂਧੀ ਇਹਨਾਂ ਪੜਾਵਾਂ ਤੋਂ ਲੰਘਦੇ ਇਹਨਾਂ ਪੌੜੀਆਂ ਨੂੰ ਚੜ੍ਹਕੇ ਇਹਨਾਂ ਅਵਸਥਾਵਾਂ ਨੂੰ ਮਾਣਦੇ ਆਪਣੀ ਜੀਵਨ ਘਾਲ ਸਫਲ ਕਰ ਜਾਂਦੇ ਹਨ ਅਤੇ ਵਾਹਿਗੁਰੂ ਦੇ ਦਰ ਉਤੇ ਉਹਨਾਂ ਦੀ ਸੇਵਾ ਪ੍ਰਵਾਨ ਹੁੰਦੀ ਹੈ ।

ਆਪਣੇ ਬਾਲਕ ਆਪਿ ਰਖਿਅਨੁ ਪਾਰਬ੍ਰਹਮ ਗੁਰਦੇਵ ॥
ਸੁਖ ਸਾਂਤਿ ਸਹਜ ਆਨਦ ਭਏ ਪੂਰਨ ਭਈ ਸੇਵ ॥੧॥ ਰਹਾਉ॥

# ਗੁਰੂ ਪੰਥ ਦਾ ਅਭਿਨੰਦਨ

(ਅਰਦਾਸ)

ਡਾ. ਜਸਵੰਤ ਸਿੰਘ ਨੇਕੀ

ਗੁਰੂ ਗ੍ਰੰਥ ਸਾਹਿਬ ਦੇ ਮੰਗਲ ਉਪਰੰਤ ਅਰਦਾਸ ਵਿਚ ਗੁਰੂ ਪੰਥ ਦਾ ਅਭਿਨੰਦਨ ਹੈ । ਉਸ ਨਿਰੋਲ ਗੁਰਮੁਖ ਪੰਥ ਦਾ ਜੋ ਦੁਨੀਆ ਭਰ ਦੇ ਮਾਰਗਾਂ ਤੋਂ ਵੱਖਰਾ ਤੇ ਨਵੇਕਲਾ ਪਿਆ ਦਿਸਦਾ ਹੈ । ਸਿੱਖੀ ਤਾਂ ਨਿਰਭੈਤਾ ਦਾ ਧਰਮ ਹੈ, ਸੂਰਬੀਰਤਾ ਦਾ ਮਾਰਗ ਹੈ । ਨਿਰਭੈ ਪਦ ਹੀ ਇਸ ਦਾ ਅਧਿਆਤਮਕ ਟੀਚਾ ਹੈ ।

ਸਤਿਗੁਰਾਂ ਦੀ ਦ੍ਰਿੜ੍ਹ ਕਰਵਾਈ ਸੂਰਬੀਰਤਾ ਦੇ ਦੋ ਪੱਖ ਹਨ । ਪਹਿਲਾਂ, ਅੰਦਰਲੀ ਸੂਰਮਗਤੀ ਦਾ, ਜੋ ਕਾਮ, ਕ੍ਰੋਧ, ਅਹੰਕਾਰ ਆਦਿ ਉਪਰ ਵਿਜੈ ਪ੍ਰਾਪਤ ਕਰਨ ਦੀ ਸੂਰਬੀਰਤਾ ਹੈ । ਦੂਜਾ, ਬਾਹਰਲੀ ਸੂਰਮਗਤੀ ਦਾ-ਦੋਖੀਆਂ, ਦੁਸ਼ਟਾਂ, ਜ਼ਾਲਮਾਂ ਦੇ ਸੰਘਾਰ ਤੇ ਦੀਨ ਦੁਖੀ ਦੀ ਰਾਖੀ ਕਰਨ ਵਾਲੀ ਸੂਰਬੀਰਤਾ ਦਾ । ਇਹ ਦੂਹਰੀ ਸੂਰਬੀਰਤਾ ਬੜੀ ਬਿਖਮ ਘਾਲਨਾ ਹੈ, ਕਿਉਂਕਿ ਸ਼ਹੀਦੀ ਇਸ ਦੀ ਸ਼ਪਥ ਹੈ, ਬਲੀਦਾਨ ਇਸ ਦੀ ਪ੍ਰਤਗਿਆ ।

ਸਿਖ ਅਰਦਾਸ ਬਲੀਦਾਨ ਦੀ ਪ੍ਰੇਰਨਾ ਨਾਲ ਭਰਪੂਰ ਹੈ । ਸਿਖ ਪੰਥ ਨੇ ਆਦਰਸ਼ਾਂ ਨਾਲ ਇਤਿਹਾਸ ਘੜਿਆ ਹੈ, ਇਤਿਹਾਸ ਨੇ ਉਸ ਦੇ ਆਦਰਸ਼ ਨਹੀਂ ਲੀਕੇ ।' ਸਿਖ ਅਰਦਾਸ ਵਿਚ ਉਹਨਾਂ ਨਿਰਾਕਾਰ ਸਦੀਵੀ ਧਰਮ-ਯੋਧਿਆਂ ਨੂੰ ਸਿਮਰਿਆ ਗਿਆ ਹੈ ਜਿਨ੍ਹਾਂ ਨੇ ਆਦਰਸ਼ਾਂ ਨਾਲ ਇਤਿਹਾਸ ਘੜਿਆ । ਜ਼ਾਹਰੀ ਤੇ ਬਾਤਨੀ ਸੂਰਬੀਰਤਾ ਵਾਲੇ ਇਹ ਯੋਧੇ ਕੌਣ ਸਨ ? ਇਹ ਉਹ ਹਠੀ ਤਪੀ ਸਨ, ਜਿਨ੍ਹਾਂ ਨਾਮ ਜਪਿਆ,ਵੰਡ ਕੇ ਛਕਿਆ, ਦੇਗ ਚਲਾਈ, ਤੇਗ਼ ਵਾਹੀ, ਵੇਖ ਕੇ ਅਣਡਿੱਠ ਕੀਤਾ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ, ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਵਾਏ, ਖੋਪਰੀਆਂ ਉਤਰਵਾਈਆਂ, ਉਬਲਦੀਆਂ ਦੇਗਾਂ ਵਿਚ ਬੈਠੇ, ਆਰਿਆਂ ਨਾਲ ਚਿਰਾਏ ਗਏ, ਸਵਾ ਸਵਾ ਮਣ ਪੀਸਣ ਪੀਸਿਆ, ਬੱਚਿਆਂ ਦੇ ਟੋਟੇ ਕਰਵਾ ਕੇ ਗਲਾਂ ਵਿਚ ਹਾਰ ਪੁਆਏ....। ਅਰਦਾਸ ਵਿਚ ਇਹਨਾਂ ਹੀ ਸ਼ਹੀਦਾਂ, ਮੁਰੀਦਾਂ, ਪਿਆਰਿਆਂ, ਸਚਿਆਰਿਆਂ, ਧਰਮੀਆਂ,ਸਿਦਕਵਾਨਾਂ ਦੀ ਪਵਿੱਤਰ ਕਮਾਈ ਨੂੰ ਅਭਿਨੰਦਨ ਦਿੱਤਾ ਜਾਂਦਾ ਹੈ । ਇਹਨਾਂ ਦੀ ਪਵਿੱਤਰ ਕਮਾਈ ਗੁਰਬਾਣੀ ਦੇ ਪਾਠ-ਦੀਦਾਰ ਨਾਲ ਅਭੇਦ ਸੀ । ਗੁਰੂ-ਉਪਦੇਸ਼ ਨਾਲ ਅਭੇਦ ਹੋਈ ਇਹ ਸੂਰਬੀਰਤਾ ਇਕ ਅਦੁੱਤੀ ਕੌਤਕ ਸੀ, ਇਕ ਮਹਾਨ ਸੰਕਲਪ- "ਗੁਰੂ ਪੰਥ" ਦਾ ਸੰਕਲਪ । ਅਰਦਾਸ ਵਿਚ ਜਿਨ੍ਹਾਂ ਮਹਾਨ ਆਤਮਾਵਾਂ ਨੂੰ ਅਭਿਨੰਦਨ ਦਿੱਤਾ ਗਿਆ ਹੈ ਉਨ੍ਹਾਂ ਦੇ ਸਮੁੱਚ ਨੂੰ ਹੀ "ਗੁਰੂ ਪੰਥ" ਆਖਿਆ ਜਾ ਸਕਦਾ ਹੈ । ਐਸੇ 'ਗੁਰੂ ਪੰਥ' ਨੂੰ ਹੀ ਦਸਵੇਂ ਪਾਤਸ਼ਾਹ ਨੇ 'ਖ਼ਾਲਸਾ ਮੇਰੋ ਰੂਪ ਹੈ ਖ਼ਾਸ" ਆਖਿਆ ਤੇ ਤਸਲੀਮ ਕੀਤਾ :

ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ
ਨਹਿਂ ਮੋ ਸੋ ਗ਼ਰੀਬ ਕਰੋਰ ਪਰੇ ।

-ਦਸਮ ਗ੍ਰੰਥ : ਕੇਸ਼ੋਦਾਸ ਪ੍ਰਬੋਧ ੨-੪

ਏਹੋ 'ਗੁਰੂ ਖ਼ਾਲਸਾ' ਸੀ, ਏਹੋ 'ਗੁਰੂ ਪੰਥ' !

'ਗੁਰੂ ਪੰਥ' ਦਾ ਸੰਕਲਪ ਇਕ ਮਹਾਨ ਰੂਹਾਨੀ ਸੰਕਲਪ ਵੀ ਹੈ ਤੇ ਇਕ ਮਹਾਨ ਰੂਹਾਨੀ ਪ੍ਰਾਪਤੀ ਵੀ । ਸੰਸਾਰ ਦੀ ਧਾਰਮਕ ਵਿਚਾਰਧਾਰਾ ਨੂੰ ਇਹ ਸਿਖ ਧਰਮ ਦੀ ਨਵੇਕਲੀ ਦੇਣ ਹੈ । ਐਸੀ ਮਿਸਾਲ ਹੋਰ ਕਿਸੇ ਧਰਮ ਪਾਸ ਨਹੀਂ ਕਿ ਗੁਰੂ ਦੀ ਆਦਰਸ਼ਕ ਜੋਤਿ 'ਗੁਰੂ ਪੰਥ' ਹੋ ਨਿਬੜੀ ਹੋਵੇ, ਕਿ ਗੁਰੂ ਦੀ ਪਾਵਨ ਬਾਣੀ ਦੀ ਰੂਹਾਨੀ ਬਰਕਤ ਸਮੂਹਕ ਕੌਮੀ ਕਿਰਦਾਰ ਵਿਚ ਸਿੰਜਰ ਗਈ ਹੋਵੇ ।

ਇਥੇ ਖ਼ਾਲਸਾ ਜੀ ਦੇ ਗੁਰੂ ਰੂਪ ਨੂੰ ਪਹਿਚਾਨਣਾ ਜ਼ਰੂਰੀ ਜਾਪਦਾ ਹੈ । ਇਸ ਰੂਪ ਨੂੰ ਨ ਕੋਈ ਗਿਣਤੀ ਨਿਸਚਿਤ ਕਰਦੀ ਹੈ ਨ ਕੋਈ ਵੇਸ;ਨ ਕੋਈ ਸਥਾਨਕ ਸਥਿਤੀ ਨਿਸਚਿਤ ਕਰਦੀ ਹੈ ਨ ਕੋਈ ਇਤਿਹਾਸਕ ਘਟਨਾ ਕ੍ਰਮ । ਇਹ ਤਾਂ ਸਰਬੱਤ ਖ਼ਾਲਸਾ ਜੀ ਦੀ ਇਕਾਗਰ, ਨਿਰਭੈ, ਉਚੀ ਸੁਰਤ ਹੈ ਜੋ ਗੁਰਬਾਣੀ ਦੀ ਉਦਾਤ ਆਤਮਕ ਪ੍ਰੇਰਨਾ ਨਾਲ ਅਭੇਦ ਹੋ ਗਈ ਹੈ । ਇਹੋ ਸੰਗਤ ਦਾ ਸਦੀਵ-ਕਾਲੀ ਨਿਰਾਕਾਰੀ ਰੂਪ ਹੈ । ਇਸੇ ਰੂਪ ਨੂੰ ਕਲਗੀਧਰ ਪਾਤਸ਼ਾਹ ਨੇ ਚਮਕੌਰ ਦੀ ਗੜ੍ਹੀ ਵਿਚ ਗੁਰਤਾ ਪ੍ਰਦਾਨ ਕੀਤੀ । ਉਹ ਪੰਜ ਸਿੰਘ, ਜਿਨ੍ਹਾਂ ਨੂੰ ਇਹ ਗੁਰਤਾ ਦਿੱਤੀ ਗਈ, ਉਸ ਲਿਵ ਦੇ ਧਾਰਨੀ

ਸਨ ਜਿਸ ਨੇ ਉਹਨਾਂ ਦੇ ਆਚਰਣ ਨੂੰ ਗੁਰ-ਸ਼ਬਦ ਨਾਲ ਇਕਸੁਰ ਕੀਤਾ ਹੋਇਆ ਸੀ । ਇਸ ਨਾਤੇ ਉਹ ਲਿਵ-ਮਾਰਗ ਦੇ ਪ੍ਰਤਿਨਿਧ ਸਨ । ਲਿਵ-ਮਾਰਗ ਦੇ ਸਮੱਸਤ ਪਾਂਧੀਆਂ ਨੂੰ ਹੀ ਪੰਥ ਕਿਹਾ ਜਾ ਸਕਦਾ ਹੈ-ਤੇ ਇਸੇ ਸਮੁੱਚ ਨੂੰ ਹੀ ਗੁਰਤਾ ਪ੍ਰਾਪਤ ਹੋਈ । ਖ਼ਾਲਸਾ ਗੁਰੂ-ਲਿਵ ਉਤੇ ਪੁੱਜ ਕੇ ਹੀ ਗੁਰੂ ਹੁੰਦਾ ਹੈ, ਉਸ ਤੋਂ ਉਰੇ ਨਹੀਂ । ਜਿਸ ਖ਼ਾਲਸੇ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਸਵੀਕਾਰ ਕੀਤਾ, ਉਹ ਸਦੀਵੀ ਧਰਮ-ਯੋਧਿਆਂ ਦੀ ਪਾਵਨ ਸੰਗਤ ਦਾ ਪ੍ਰਤਿਨਿਧ ਨਿਰਾਕਾਰ ਖ਼ਾਲਸਾ ਸੀ ।

ਇਸੇ ਖ਼ਾਲਸਾ ਨਾਲ ਗੁਰੂ ਗੋਬਿੰਦ ਸਿੰਘ ਆਪ ਬਚਨ-ਬੱਧ ਹੋਏ । ਉਹਨਾਂ ਵੀ ਪੰਥ ਨਾਲ ਇਕਰਾਰ ਕੀਤਾ ਕਿ ਖ਼ਾਲਸਾ ਜਦੋਂ ਤੀਕਰ ਆਚਰਣ ਦੀ ਸ਼ੁੱਧਤਾ ਵਿਚ ਵਿਚਰੇਗਾ, ਗੁਰਤਾ ਦੀ ਬਰਕਤ ਉਸ ਦੇ ਨਾਲ ਰਹੇਗੀ । ਇਸ ਅਦੁਤੀ ਇਕਰਾਰ ਨੂੰ ਸਿਖ ਸੁਰਤ ਨੇ ਕਿਸੇ ਆਵੇਸ਼ਕ ਛਿਨ ਵਿਚ ਇਉਂ ਅਨੁਰੂਪਿਆ ਹੈ :

ਜਬ ਲਗ ਰਹੇ ਖ਼ਾਲਸਾ ਨਿਆਰਾ,
ਤਬ ਲਗ ਤੇਜ ਦੀਓ ਮੈ ਸਾਰਾ ।
ਜਬ ਇਹ ਗਹੈ ਬਿਪਰਨ ਕੀ ਰੀਤਿ,
ਮੈਂ ਨ ਕਰੋਂ ਇਨ ਕੀ ਪਰਤੀਤ ।

ਭਾਵ, ਜਦੋਂ ਤਕ ਖ਼ਾਲਸਾ ਆਪਣੀ ਨਵੇਕਲੀ ਹਸਤੀ ਵਿਚ ਆਚਰਣਕ ਮੌਲਕਤਾ ਨੂੰ ਬਰਕਰਾਰ ਰਖੇਗਾ, ਉਤਨਾ ਚਿਰ ਇਸ ਮੌਲਕਤਾ ਵਿਚ ਉਸ ਗੁਰੂ-ਬਰਕਤ ਦਾ ਵਾਸਾ ਰਹੇਗਾ ਜਿਸ ਵਿਚੋਂ ਇਸ ਨੇ ਜਨਮ ਲਿਆ ।

ਐਸਾ ਖ਼ਾਲਸਾ ਅਵੱਸ਼ ਇਕ ਉਚੇਚੀ ਦਿਬ ਦ੍ਰਿਸ਼ਟੀ ਦਾ ਮਾਲਕ ਜਾਪਦਾ ਹੈ, ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸੁਰਤ,ਸੁਹਜ ਅਨੁਭਵ ਤੇ ਸਦਾਚਾਰਕ ਪਵਿੱਤ੍ਰਤਾ ਵਿਚ ਰੰਗ ਕੇ ਸਿਰਜਿਆ । ਸਤਿਗੁਰੂ ਦਾ ਇਹ ਸੰਕਲਪ ਹੀ ਤਾਂ ਸੀ ਜੋ ਸਮੇਂ ਦੇ ਮੰਚ ਤੇ ਗੁਰੂ ਪੰਥ ਦੇ ਰੂਪ ਵਿਚ ਪ੍ਰਗਟ ਹੋਇਆ । ਇਸ 'ਗੁਰੂ ਪੰਥ' ਦੀ ਅਦੁੱਤੀ ਤੇ ਅਪੂਰਬ ਘਾਲਨਾ ਦਾ ਚਿੰਤਨ ਸਾਨੂੰ ਬੇਅਖ਼ਤਿਆਰ 'ਵਾਹ ਗੁਰੂ, ਵਾਹ ਗੁਰੂ' ਆਖਣ ਤੇ ਮਜਬੂਰ ਕਰਦਾ ਹੈ ।

ਅਰਦਾਸ ਵਿਚ ਗੁਰੂ ਪੰਥ ਦੀਆਂ ਬੇਨਜ਼ੀਰ ਘਾਲਨਾਵਾਂ ਨੂੰ ਅਭਿਨੰਦਨ ਦੇ ਕੇ ਹਰ ਸਿਖ ਹਿਰਦਾ ਆਪਣਾ ਈਮਾਨ ਤਾਜ਼ਾ ਕਰਦਾ ਹੈ । ਇਕ ਪ੍ਰੇਰਨਾ ਲੈਂਦਾ ਹੈ ਸਿੱਖੀ ਸਿਦਕ ਨੂੰ ਕੇਸਾਂ ਸੁਆਸਾਂ ਨਾਲ ਨਿਭਾਉਣ ਦੀ । ਇਰਾਦਾ ਪ੍ਰਪੱਕ ਕਰਦਾ ਹੈ ਸਿਰ ਦੇ ਦੇਣ ਦਾ, ਪਰ ਸਿਰੜ ਨਾ ਦੇਣ ਦਾ-ਤੇ ਐਸਾ ਸਿਰੜ, ਗੁਰੂ-ਆਸ਼ੇ ਵਿਚ ਭਿੱਜਾ ਗੁਰਮੁਖ ਚੇਤਨਾ ਵਾਲਾ ਸਿਰੜ ਹੀ ਹੋ ਸਕਦਾ ਹੈ । ਅਰਦਾਸ ਵਿਚ ਕੇਵਲ ਉਹਨਾਂ ਹੀ ਸਿੰਘਾਂ ਸਿੰਘਣੀਆਂ ਦੀ ਸ਼ਹਾਦਤ ਨੂੰ ਪਰਵਾਨ ਕੀਤਾ ਗਿਆ ਹੈ ਜਿਨ੍ਹਾਂ ਧਰਮ ਹੇਤ ਸੀਸ ਦੇ ਦਿੱਤੇ ਪਰ ਧਰਮ ਨਹੀਂ ਹਾਰਿਆ, ਨਾ ਧਰਮ ਦੀਆਂ ਕਦਰਾਂ-ਕੀਮਤਾਂ ਨੂੰ ਨੀਵੇਂ ਹੋਣ ਦਿੱਤਾ ਹੈ, ਤੇ ਨਾ ਹੀ ਧਰਮ-ਸੰਘਰਸ਼ ਤੋਂ ਮੁਖ ਮੋੜਿਆ ਹੈ ।

# ਪ੍ਰੋਫੈਸਰ ਪਰਮਜੋਤ ਸਿੰਘ ਸੰਗ ਕੁਝ ਪਲ

ਪ੍ਰਿੰਸੀਪਲ ਦਰਸ਼ਨ ਸਿੰਘ ਬਾਗੜੀਆਂ

ਜੁਲਾਈ ਦੇ ਆਖਰੀ ਹਫਤੇ ਅਚਾਨਕ ਜਲੰਧਰ ਜਾਣ ਦਾ ਅਵਸਰ ਬਣ ਗਿਆ । ਪੰਜਾਬ ਸਿੰਧ ਬੈਂਕ ਦੇ ਉਦਮ ਨਾਲ ਜਾਲੰਧਰ ਵਿਖੇ ਇਕ ਧਾਰਮਕ ਗਾਇਨ ਆਰਕਾਈਵਜ਼ ਦੀ ਸਥਾਪਣਾ ਬਾਰੇ ਅਖਬਾਰਾਂ ਵਿਚ ਪੜ੍ਹਿਆ ਸੀ । ਆਪਣੇ ਇਕ ਸੰਬੰਧੀ, ਜੋ ਸਟੇਟ ਬੈਂਕ ਆਫ ਇੰਡੀਆ ਵਿਚ ਜਲੰਧਰ ਵਿਚ ਨਿਯੁਕਤ ਹੈ, ਨੂੰ ਟੈਲੀਫੂਨ ਤੇ ਬੇਨਤੀ ਕੀਤੀ ਕਿ ਏਸ ਆਰਕਾਈਵਜ਼ ਦੇ ਆਫੀਸਰ ਇੰਚਾਰਜ ਕੋਲੋਂ ਸਮਾਂ ਲੈ ਛੱਡੇ, ਮੇਰੀ ਆਰਕਾਈਵਿਜ਼ ਵੇਖਣ ਦੀ ਇੱਛਾ ਹੈ । ਮੇਰੀ ਉਨ੍ਹਾਂ ਨਾਲ ਪਹਿਲੋਂ ਹੀ ਚਿੱਠੀ ਪੱਤਰ ਹੋ ਰਹੀ ਸੀ ਜਿਸ ਵਿਚ ਮੈਂ ਬੇਨਤੀ ਕੀਤੀ ਹੋਈ ਸੀ ਕਿ ਕੁਝ ਇਕ ਸੁਰਗਵਾਸੀ ਮਹਾਨ ਕੀਰਤਨੀਏ ਰਾਗੀ ਸਿੰਘਾਂ ਦੇ ਸ਼ਬਦਾਂ ਦੀਆਂ ਕੈਸਟਸ ਲੈਣ ਦੀ ਮੇਰੀ ਖਾਹਿਸ਼ ਹੈ ।

ਨਿਸਚਿਤ ਸਮੇਂ ਤੇ ਜਦੋਂ ਮੈਂ ਗਰੀਨ ਪਾਰਕ ਸਥਿਤ ਆਰਕਾਈਵਜ਼ ਦੇ ਦਫਤਰ ਪੁੱਜਾ ਤਾਂ ਦਫਤਰ ਖੁਲ੍ਹੇ ਨੂੰ ਹਾਲੀ ਪੰਜ ਮਿੰਟ ਹੀ ਹੋਏ ਸਨ । ਮੁਖ ਦਰਵਾਜ਼ੇ ਦੇ ਅੰਦਰ ਕੁਰਸੀ ਡਾਹੀ ਇਕ ਗੁਰਮੁਖ ਸੱਜਨ ਬੈਠੇ ਸਨ । ਮੇਰੇ ਅੰਦਰ ਦਾਖਲ ਹੁੰਦੇ ਹੀ ਬੋਲੇ " ਕੀ ਤੁਸੀਂ ਪ੍ਰੋਫੈਸਰ ਦਰਸ਼ਨ ਸਿੰਘ ਹੋ, ਮੈਂ ਹੀ ਇਸ ਆਰਕਾਈਵਜ਼ ਦੇ ਮੈਨੇਜਰ ਦੀ ਸੇਵਾ ਨਿਭਾ ਰਿਹਾ ਹਾਂ ।" ਸ਼ਾਂਤ ਮੂਰਤ ਵਿਅਕਤੀ ਦੇ ਬੜੇ ਹੀ ਪ੍ਰਭਾਵਸ਼ਾਲੀ ਮਿੱਠੇ ਬੋਲ ਸਨ । "ਸਰਦਾਰ ਧਰਮਜੋਤ ਸਿੰਘ ਮਿਲ ਕੇ ਬੜੀ ਖੁਸ਼ੀ ਹੋਈ ਹੈ " ਤੇ ਉਹ ਮੁਸਕਰਾ ਪਏ ਤੇ ਬਚਨ ਕੀਤੇ "ਦਾਸ ਪਰਮਜੋਤ ਸਿੰਘ ਹੈ ।" ਮੈਂ ਹੈਰਾਨ ਰਹਿ ਗਿਆ ਕਿ ਮੈਨੂੰ ਏਨੀ ਗਲਤੀ ਕਿਵੇਂ ਲੱਗ ਗਈ । ਦੋਸ਼ ਉਮਰ ਦੇ ਸਿਰ ਮੜ੍ਹ ਕੇ ਖਿਮਾਂ ਮੰਗੀ ਤੇ ਪੁਛਿਆ "ਅਮ੍ਰਿਤ ਰਸਨਾ ਪੀਓ ਪਿਆਰੀ " ਗਉੜੀ ਗੁਆਰੇਰੀ ਮਹਲਾ ੫ ਸ਼ਬਦ ਦੇ ਨਿਰਧਾਰਤ ਰਾਗ ਵਿਚ ਗਾਇਣ ਦੇ ਗਾਇਕ ਆਪ ਹੀ ਹੋ?" । ਉਨ੍ਹਾਂ ਦੀ ਮਿੱਠੀ ਮੁਸਕਾਨ ਨੇ ਹੀ ਨਿਮਰਤਾ ਭਰਪੂਰ ਉਤਰ ਦੇ ਦਿੱਤਾ । ਆਰਕਾਈਵਜ਼ ਇਕ ਤਰ੍ਹਾਂ ਨਾਲ ਇਕ ਹਾਲ ਨੂੰ ਹੀ ਤਿੰਨ ਭਾਗਾਂ ਵਿਚ ਵੰਡਿਆ ਹੋਇਆ ਹੈ । ਪਹਿਲੇ ਰਿਸੈਪਸ਼ਨ (ਸਵਾਗਤ) ਅਸਥਾਨ ਹੈ, ਉਸ ਦੇ ਪਿੱਛੇ ਸੰਘਰਾਲਿਆ ਹੈ ਤੇ ਸੱਜੇ ਪਾਸੇ ਵਲ ਖੁਲ੍ਹਾ ਅਸਥਾਨ ਹੈ ਜਿੱਥੇ ਬੈਠ ਕੇ ਗੁਰਮਤਿ ਰਾਗ ਵਿਦਿਆ ਦੀਆਂ ਕਲਾਸਾਂ ਲਗਦੀਆਂ ਹਨ ।

ਸੰਘਰਾਲਿਆਂ ਵੇਖ ਕੇ ਮਨ ਪ੍ਰਸੰਨ ਹੋ ਗਿਆ । ਬੜੀ ਤਰਤੀਬ ਨਾਲ, ਜਿੰਨੇ ਵੀ ਪ੍ਰਾਪਤ ਹੋ ਸਕੇ ਹਨ, ਰਿਕਾਰਡ, ਟੇਪ, ਸਪੂਲ, ਕੈਸਟ ਆਦਿ ਸਾਂਭ ਕੇ ਰੱਖੇ ਹੋਏ ਹਨ । ਮੇਰਾ ਅੰਦਾਜ਼ਾ ਹੈ ਕਿ ਵੱਖ ਵੱਖ ਰਾਗੀ ਸਿੰਘਾਂ ਵਲੋਂ ਗਾਇਨ ਕੀਤੇ ਦੋ ਹਜ਼ਾਰ ਦੇ ਕਰੀਬ ਗਾਇਨ ਕੀਤੇ ਗਏ ਸ਼ਬਦਾਂ ਦਾ ਖਜ਼ਾਨਾ ਏਥੇ ਸੁਰਖਿਅਤ ਪਿਆ ਹੈ । ਇਨ੍ਹਾਂ ਸ਼ਬਦਾਂ ਦੀ ਰਾਗੀ ਸਿੰਘਾਂ ਅਨੁਸਾਰ ਅਤੇ ਸ਼ਬਦਾਂ ਅਨੁਸਾਰ ਸੂਚੀ ਤਿਆਰ ਕੀਤੀ ਹੋਈ ਹੈ । ਮੇਜ਼ ਤੇ ਇਕ ਰਜਿਸਟਰ ਪਿਆ ਹੈ ਜਿਸ ਨੂੰ ਵੇਖ ਕੇ ਮੈਂ ਹੈਰਾਨ ਰਹਿ ਗਿਆ ਕਿ ਪ੍ਰੋਫੈਸਰ ਪਰਮਜੋਤ ਸਿੰਘ ਇਨ੍ਹਾਂ ਸ਼ਬਦਾਂ ਦੀ ਲਿਸਟ ਬਣਾ ਰਹੇ ਹਨ ਤੇ ਨਿਰਣਾ ਕਰ ਰਹੇ ਹਨ ਕਿ ਕਿਹੜੇ ਰਾਗੀ ਸਿੰਘ ਦਾ ਕਿਹੜਾ ਸ਼ਬਦ ਨਿਰਧਾਰਿਤ ਰਾਗ ਵਿਚ ਗਾਇਆ ਗਿਆ ਹੈ, ਕਿਹੜਾ ਕਿਸ ਰਾਗ ਵਿਚ ਹੈ ਤੇ ਕਿਹੜਾ ਕਿਸੇ ਫਿਲਮੀ ਤਰਜ਼ ਜਾਂ ਬਿਨਾ ਰਾਗ ਤੋਂ ਗਾਇਆ ਗਿਆ ਹੈ । ਉਹ ਨਿਰਧਾਰਿਤ ਰਾਗਾਂ ਤੇ ਗਾਏ ਗਏ ਸ਼ਬਦਾਂ ਦੀਆਂ ਨੋਟੇਸ਼ਿਨਜ਼ ਵੀ ਤਿਆਰ ਕਰ ਰਹੇ ਹਨ । ਪ੍ਰੋਫੈਸਰ ਪਰਮਜੋਤ ਸਿੰਘ ਹੋਰਾਂ ਨਾਲ ਦੋ ਹੋਰ ਗੁਰਮੁਖ ਸੱਜਣ ਮੈਨੂੰ ਇਸ ਮਹਾਨ ਕਾਰਜ ਵਿਚ ਉਨ੍ਹਾਂ ਦਾ ਸਾਥ ਦੇ ਰਹੇ ਦਿਸ ਆਏ । ਮੈਂ ਖਿਮਾਂ ਮੰਗਦਾ ਹਾਂ ਕਿ ਉਨ੍ਹਾਂ ਦੇ ਨਾਮ ਅਤੇ ਅਹੁਦੇ ਬਾਰੇ ਸਿੱਧਾ ਸੁਆਲ ਕਰਨ ਦੀ ਮੈਂ ਗੁਸਤਾਖੀ ਨਹੀਂ ਕਰ ਸਕਿਆ । ਪ੍ਰੋਫੈਸਰ ਪਰਮਜੋਤ ਸਿੰਘ ਲਗਨ ਵਾਲੇ, ਸਿੱਖੀ ਭਾਵਨਾ ਰੱਖਣ ਵਾਲੇ, ਰਾਗ ਵਿਦਿਆ ਦੇ ਗੂਹੜ ਗਿਆਨੀ ਅਤੇ ਨਿਰਧਾਰਤ ਰਾਗ ਵਿਚ ਅਤੇ ਸਹਿਜ ਵਿਚ ਕੀਰਤਨ ਕਰ ਸਕਣ ਦੀ ਸਮਰੱਥਾ ਰੱਖਣ ਵਾਲੇ ਗੁਰਮੁਖ ਹਨ । ਮੇਰੇ ਉਥੇ ਬੈਠਿਆਂ ਹੀ ਪੰਜ ਸੱਤ ਬੱਚੇ ਆ ਗਏ ਅਤੇ ਪ੍ਰੋਫੈਸਰ ਸਾਹਿਬ ਉਨ੍ਹਾਂ

ਬੱਚਿਆਂ ਨੂੰ ਕੀਰਤਨ ਸਿਖਾਉਣ ਵਿਚ ਰੁੱਝ ਗਏ । ਨਾਲੇ ਸ਼ਬਦ ਗਾ ਰਹੇ ਸਨ, ਹਾਰਮੋਨੀਅਮ ਤੇ ਸੰਥਿਆ ਦੇ ਰਹੇ ਸਨ ਅਤੇ ਆਪ ਹੀ ਜੋੜੀ ਤੇ ਸੰਗਤ ਕਰ ਰਹੇ ਸਨ । ਇਹ ਕੰਮ ਨੌਕਰੀ ਦੀ ਭਾਵਨਾ ਨਾਲ ਨਹੀਂ ਹੋ ਸਕਦਾ । ਇਕ ਮੁਲਾਜ਼ਮ ਇਹ ਕਿਉਂ ਕਰ ਰਿਹਾ ਹੈ ? ਇਸ ਪਿੱਛੇ ਉਸ ਦਾ ਪਿਛੋਕੜ ਹੈ । ਪ੍ਰੋਫੈਸਰ ਸਾਹਿਬ ਨੇ ਦੱਸਿਆ ਕਿ ਉਹ ਭਾਈ ਸਾਹਿਬ ਸਮੁੰਦ ਸਿੰਘ ਦੇ ਨਿਰੇ ਸ਼ਿਸ਼ ਹੀ ਨਹੀਂ ਭਗਤ ਵੀ ਹਨ । 1972 ਵਿਚ ਭਾਈ ਸਮੁੰਦ ਸਿੰਘ ਜੀ ਦੇ ਗੁਰਪੁਰੀ ਪਿਆਣੇ ਕਰ ਜਾਣ ਬਾਦ ਪ੍ਰੋਫੈਸਰ ਸਾਹਿਬ ਨੇ ਉਨ੍ਹਾਂ ਦੇ ਜੀਵਨ ਅਤੇ ਗੁਰਮਤਿ ਗਾਇਕੀ ਸੰਬੰਧੀ ਇਕ ਪੈਂਫੇਲਿਟ ਛਾਪਿਆ ਸੀ ਜਿਸ ਤੋਂ ਉਨ੍ਹਾਂ ਦੀ ਆਪਣੇ ਸੰਗੀਤ ਵਿਦਿਆ ਦੇ ਉਸਤਾਦ ਪ੍ਰਤੀ ਅਨਿਨ ਸ਼ਰਧਾ ਦਾ ਅਹਿਸਾਸ ਹੋ ਸਕਦਾ ਹੈ । ਭਾਈ ਸਮੁੰਦ ਸਿੰਘ ਜੀ ਗੁਰਬਾਣੀ ਕੀਰਤਨ ਵਿਚ ਆਪਣੇ ਆਪ ਵਿਚ ਇਕ "ਘਰਾਣੇ" ਦੇ ਮੋਢੀ ਕਹੇ ਜਾ ਸਕਦੇ ਹਨ ਅਤੇ ਪ੍ਰੋਫੈਸਰ ਪਰਮਜੋਤ ਸਿੰਘ ਇਸ "ਘਰਾਣੇ" ਦੀ ਗੁਰਮਤਿ ਗਾਇਕੀ ਨੂੰ ਅੱਗੇ ਤੋਰ ਰਹੇ ਹਨ । ਇਹ ਇਕ ਮਹਾਨ ਅਤੇ ਕਠਨ ਕਾਰਜ ਹੈ । ਜੇ ਕਰ ਪੰਜਾਬ ਸਿੰਧ ਬੈਂਕ ਇਨ੍ਹਾਂ ਦੇ ਸਾਥ ਲਈ ਘੱਟੋ ਘੱਟ ਇਕ ਜੋੜੀ ਵਾਦਕ ਹੀ ਇਸ ਆਰਕਾਈਵਜ਼ ਵਿਚ ਨਿਯੁਕਤ ਕਰ ਦੇਵੇ ਤਾਂ ਇਨ੍ਹਾਂ ਦੇ ਰਾਗ ਵਿਦਿਆ ਪ੍ਰਦਾਨ ਕਰਨ ਦੇ ਉਪਰਾਲੇ ਵਿਚ ਹੋਰ ਪਰਪੱਕਤਾ ਆ ਜਾਵੇਗੀ .... ਇਸ ਤੋਂ ਇਲਾਵਾ ਇਸ ਆਰਕਾਈਵਜ਼ ਵਿਚ ਪ੍ਰੋਫੈਸਰ ਪਰਮਜੋਤ ਸਿੰਘ ਵਲੋਂ ਗੁਰੂ ਗ੍ਰੰਥ ਸਾਹਿਬ ਦੇ ਸਮੁੱਚੇ ਰਾਗਾਂ ਤੇ ਨਿਰਧਾਰਤ ਕੀਰਤਨ ਦਾ ਖਜ਼ਾਨਾ ਸਾਂਭਿਆ ਜਾ ਸਕਦਾ ਹੈ ਜਿਹੜਾ ਆਉਣ ਵਾਲੀ ਪੀੜ੍ਹੀ ਦੇ ਕੰਮ ਆ ਸਕੇਗਾ ਅਤੇ ਭਾਈ ਸਮੁੰਦ ਸਿੰਘ ਦੀ ਗਾਇਕੀ ਵੀ ਜੀਵਤ ਰਹਿ ਜਾਏਗੀ । ਪ੍ਰੋਫੈਸਰ ਪਰਮਜੋਤ ਸਿੰਘ ਨੇ ਜਦੋਂ ਵੀ ਭਾਈ ਸਮੁੰਦ ਸਿੰਘ ਦਾ ਨਾਂ ਲਿਆ ਉਨ੍ਹਾਂ ਦੀਆਂ ਅੱਖਾਂ ਵਿਚ ਅਨੋਖੀ ਹੀ ਚਮਕ ਆ ਗਈ, ਗਲਾ ਭਰ ਆਇਆ ਅਤੇ ਪੂਰਨ ਸ਼ਰਧਾ ਦੀ ਭਾਵਨਾ ਉਮਡ ਆਈ ।

ਮੈਂ ਆਰਕਾਈਵਜ਼ ਵਿਚ ਲਗਭਗ ਚਾਰ ਘੰਟੇ ਸਮਾਂ ਬਿਤਾਇਆ । ਮੈਂ ਹੈਰਾਨ ਸੀ ਕਿ ਪ੍ਰੋਫੈਸਰ ਪਰਮਜੋਤ ਸਿੰਘ ਨੇ ਕਈ ਰਾਗਾਂ ਦੀਆਂ ਨੋਟੇਸ਼ਨਜ਼ ਪੰਜਾਬੀ ਅਤੇ ਅੰਗਰੇਜ਼ੀ ਵਿਚ ਤਿਆਰ ਕੀਤੀਆਂ ਹੋਈਆਂ ਹਨ ਜਿਨ੍ਹਾਂ ਨੂੰ ਉਹ ਮੁਫਤ ਵੰਡ ਰਹੇ ਹਨ । ਆਪਣਾ ਵੱਡਮੁਲਾ ਖਜ਼ਾਨਾ ਲਗਨ ਵਾਲੇ ਬੱਚਿਆਂ ਨੂੰ ਦੇ ਰਹੇ ਹਨ ਤਾਂ ਕਿ ਆਉਣ ਵਾਲੀ ਪੀੜ੍ਹੀ ਲਾਭ ਉਠਾ ਸਕੇ । ਭਾਈ ਸਾਹਿਬ ਸਮੁੰਦ ਸਿੰਘ, ਭਾਈ ਸਾਹਿਬ ਧਰਮ ਸਿੰਘ ਜ਼ਖਮੀ ਅਤੇ ਭਾਈ ਸਾਹਿਬ ਸ਼ਮਸ਼ੇਰ ਸਿੰਘ ਜ਼ਖਮੀ ਹੋਰਾਂ ਦੇ ਕੁਝ ਸ਼ਬਦਾਂ ਦੇ ਕੈਸਟਸ ਭਰ ਕੇ ਮੈਂ ਲੈ ਆਇਆ ਹਾਂ ਜਿਨ੍ਹਾਂ ਨੂੰ ਸੁਣ ਕੇ ਆਨੰਦ ਮਾਣ ਰਿਹਾ ਹਾਂ । ਇਸ ਆਰਕਾਈਵਜ਼ ਬਾਰੇ ਮੇਰੇ ਮਨ ਵਿਚ ਜੋ ਵਿਚਾਰ ਅਤੇ ਸੁਝਾਉ ਹਨ ਉਹ ਫੇਰ ਕਦੀ ਅਰਜ਼ ਕਰਾਂਗਾ । ਹਾਲੀ ਤਾਂ ਸਿਰਫ ਪ੍ਰੋਫੈਸਰ ਪਰਮਜੋਤ ਸਿੰਘ ਦੀ ਸੰਗਤ ਵਿਚ ਬਿਤਾਏ ਸੁਹਣੇ ਪਲਾਂ ਦੇ ਸਰੂਰ ਵਿਚ ਮੁਗਧ ਹਾਂ ਅਤੇ ਉਸ ਵੇਲੇ ਦੀ ਉਡੀਕ ਕਰ ਰਿਹਾ ਹਾਂ ਜਦੋਂ ਉਨ੍ਹਾਂ ਕੋਲੋਂ ਭਾਈ ਸਾਹਿਬ ਸੰਤਾ ਸਿੰਘ ਜੀ ਦੇ ਸ਼ਬਦ ਰਿਕਾਰਡ ਕਰ ਕੇ ਲਿਆਵਾਂਗਾ ਤੇ ਉਨ੍ਹਾਂ ਦੀ ਮਿੱਠੀ ਪਿਆਰ ਭਰੀ ਸੰਗਤ ਦਾ ਫੇਰ ਆਨੰਦ ਮਾਣਾਂਗਾ ।

ਜਿੰਨਾ ਵੀ ਸਮਾਂ ਪ੍ਰੋਫੈਸਰ ਪਰਮਜੋਤ ਸਿੰਘ ਨਾਲ ਬਿਤਾਇਆ ਤੇ ਜਿੰਨਾ ਵੀ ਵਿਚਾਰ ਵਟਾਂਦਰਾ ਹੋਇਆ ਉਸ ਦਾ ਸਾਰ ਇਹ ਹੈ ਕਿ ਪ੍ਰੋਫੈਸਰ ਸਾਹਿਬ ਇਸ ਆਰਕਾਈਵਜ਼ ਨੂੰ ਵਿਸ਼ਵ ਅਤੇ ਸਿੱਖ ਜਗਤ ਦੀ ਇਕ ਗੌਰਵਮਈ ਸੰਸਥਾ ਬਣਾਉਣ ਦੇ ਇਛੁਕ ਹਨ । ਉਨ੍ਹਾਂ ਨੂੰ ਪਤਾ ਹੈ ਕਿ ਕਮਰਸ਼ਲ ਕੈਸਟ ਮੌਜੂਦਾ ਰਾਗੀ ਸਿੰਘਾਂ ਦੀ ਸਹੀ ਪ੍ਰਤਿਭਾ ਦੀ ਤਰਜਮਾਨੀ ਨਹੀਂ ਕਰਦੇ । ਸਾਰੇ ਭਾਰਤ ਵਿਚ ਵੱਖ ਵੱਖ ਗੁਰਮੁਖਾਂ ਕੋਲ ਬਹੁਤ ਅਨਮੋਲ ਖਜ਼ਾਨਾ, ਗੁਰਬਾਣੀ ਕੀਰਤਨ ਦਾ, ਸਾਂਭਿਆ ਪਿਆ ਹੈ ਜਿਸ ਨੂੰ ਖੋਜ ਕਰਕੇ ਇਸ ਆਰਕਾਈਵਜ਼ ਵਿਚ ਸਾਂਭ ਕੇ ਨਿੱਜੀ ਖਜ਼ਾਨੇ ਤੋਂ ਕੌਮੀ ਸਰਮਾਇਆ ਬਣਾਇਆ ਜਾ ਸਕਦਾ ਹੈ ਜਿਸ ਲਈ ਲੱਕ ਬਨ੍ਹ ਕੇ ਕੋਸ਼ਿਸ਼ ਕਰਨ ਦੀ ਲੋੜ ਹੈ । ਗੁਰਬਾਣੀ ਗਾਇਣ ਵਿਧੀ ਨੂੰ ਭਾਰਤੀ ਕੈਨਵਸ ਤੇ ਉਘਾੜਨ ਦੀ ਲੋੜ ਹੈ । ਉਨ੍ਹਾਂ ਵਿਚ ਥੋਹੜੇ ਵਕਤ ਵਿਚ ਬਹੁਤ ਕੁਝ ਕਰ ਸਕਣ ਦੀ ਉਤਸੁਕਤਾ ਹੈ ਪਰ ਉਨ੍ਹਾਂ ਦੀਆਂ ਕਈ ਮਜਬੂਰੀਆਂ ਹਨ ਜਿਨ੍ਹਾਂ ਬਾਰੇ ਉਹ ਆਪਣੇ ਉਚ ਅਧਿਕਾਰੀਆਂ ਨਾਲ ਵਿਚਾਰ ਕਰਨ ਲਈ ਤਿਆਰ ਹਨ ਕਿਉਂਕਿ ਇਹੋ ਹੀ ਮੁਲਾਜ਼ਮਤ ਦੀ ਅਨੁਸ਼ਾਸਨ ਪਖੋਂ ਮੰਗ ਹੈ ।

# ਯਾਤਰਾ ਪੰਜਾ ਸਾਹਿਬ (ਪਾਕਿਸਤਾਨ)

ਡਾ. ਜੋਗਿੰਦਰ ਸਿੰਘ ਬਾਵਰਾ

ਮੇਰੀ ਬੜੀ ਤੀਬਰ ਇੱਛਾ ਸੀ ਕਿ ਮੈਂ ਵੀ ਉਸ ਪਾਵਨ ਅਸਥਾਨ ਦੇ ਦਰਸ਼ਨ ਕਰਾਂ ਜਿਥੇ ਗੁਰੂ ਨਾਨਕ ਦੇਵ ਜੀ ਨੇ ਪਹਾੜੀ ਤੋਂ ਸੁੱਟੇ ਗਏ ਪੱਥਰ ਨੂੰ ਆਪਣੇ ਹੱਥ ਨਾਲ ਰੋਕਿਆ ਤੇ ਉਥੇ ਉਹਨਾਂ ਦਾ ਪੰਜਾ ਛਪ ਗਿਆ। ਪਹਾੜੀ ਤੇ ਵਗਣ ਵਾਲਾ ਪਾਣੀ ਦਾ ਚਸ਼ਮਾ ਉਥੋਂ ਫੁੱਟ ਪਿਆ ਜਿਥੇ ਗੁਰੂ ਮਹਾਰਾਜ ਬਿਰਾਜਮਾਨ ਸਨ। ਮੈਂ ਪਾਸਪੋਰਟ ਬਣਵਾਇਆ। ਇਕ ਸਿੱਖ ਸੱਜਣ ਮਿਲਿਆ ਤੇ ਕਹਿਣ ਲੱਗਾ ਮੈਂ ਇੱਕ ਜੱਥਾ ਬਣਾ ਕੇ ਲੈ ਜਾ ਰਿਹਾ ਹਾਂ। ਮੈਂ ਵੀ ਉਸ ਨੂੰ ਵੀਜ਼ਾ ਫੀਸ ਦੇ ਦਿੱਤੀ। ਪਰ ਉਹ ਬੰਦਾ ਖਾਊ ਯਾਰ ਨਿਕਲਿਆ ਪਾਸਪੋਰਟ ਦੀ ਅਵਧੀ ਬੀਤ ਗਈ। ਦੋਬਾਰਾ ਬਣਵਾਇਆ ਤੇ ਸ਼੍ਰੋਮਣੀ ਕਮੇਟੀ ਨੂੰ ਅੰਮ੍ਰਿਤਸਰ ਭੇਜ ਦਿੱਤਾ ਗਿਆ। ਕਾਫੀ ਸਮੇਂ ਬਾਅਦ ਇੱਕ ਪੱਤਰ ਮਿਲਿਆ ਕਿ ਸੌ ਰੁਪਿਆ ਵੀਜ਼ਾ ਫੀਸ ਜਮਾ ਕਰਵਾਉ। ਉਸ ਤੋਂ ਬਾਅਦ ਫਿਰ ਇਕ ਪੱਤਰ ਆਇਆ ਕਿ ਡ੍ਰਾਫਟ ਦੁਆਰਾ ਰਕਮ ਜਮ੍ਹਾ ਕਰਵਾਉ। ਰਕਮ ਜਮ੍ਹਾ ਕਰਵਾ ਦਿੱਤੀ ਗਈ। 10 ਅਪ੍ਰੈਲ 1996 ਨੂੰ ਅੰਮ੍ਰਿਤਸਰ ਪੁਜਣ ਲਈ ਕਿਹਾ ਗਿਆ। ਅੰਮ੍ਰਿਤਸਰ ਤੋਂ ਹਸਨ ਅਬਦਾਲ ਦੀ ਵਾਪਸੀ ਟਿਕਟ 231/- ਰੁ. ਖਰੀਦੀ ਗਈ। ਪਾਸਪੋਰਟ ਵਾਪਸ ਕਰ ਦਿੱਤੇ ਗਏ। ਕਈ ਵਿਅਕਤੀਆਂ ਦੇ ਨਾਮ ਕੱਟ ਦਿੱਤੇ ਗਏ ਸਨ ਕਿਉਂਕਿ ਉਹਨਾਂ ਨੂੰ ਕਿਸੇ ਕਾਰਨ ਵੀਜ਼ਾ ਨਹੀਂ ਮਿਲਿਆ ਸੀ। ਗਿਆਰਾਂ ਅਪ੍ਰੈਲ ਸਵੇਰ ਗੱਡੀਆਂ ਚਲਣੀਆਂ ਸਨ। ਆਪਣੀ ਸਹੂਲਤ ਅਨੁਸਾਰ ਗੱਡੀ ਫੜੀ ਜਾ ਸਕਦੀ ਸੀ। ਮੈਂ ਦੂਜੀ ਗੱਡੀ ਦੁਆਰਾ ਚਲਣਾ ਹੀ ਠੀਕ ਸਮਝਿਆ। ਲਗਭਗ ਸਾਢੇ ਦਸ ਵਜੇ ਗੱਡੀ ਚੱਲੀ ਤੇ ਮਿੰਟਾਂ ਵਿੱਚ ਹੀ ਪਾਕਿਸਤਾਨ ਦੀ ਸਰਹੱਦ ਵਿੱਚ ਦਾਖਲ ਹੋ ਗਈ। ਥੋੜ੍ਹਾ ਜਿਹਾ ਫਾਸਲਾ ਗੱਡੀ ਦੇ ਨਾਲ ਨਾਲ ਦੋਵੇਂ ਪਾਸੇ ਦੋ ਦੋ ਘੋੜ ਸਵਾਰ ਸਿਪਾਹੀ ਵੀ ਦੌੜਦੇ ਗਏ। ਸਰਹੱਦ ਤੇ ਕੰਡੀਲੀ ਤਾਰ ਲਗੀ ਹੋਈ ਸੀ। ਕਣਕਾਂ ਕਟਾਈ ਲਈ ਤਿਆਰ ਸਨ। ਅਟਾਰੀ ਸਟੇਸ਼ਨ ਤੇ ਸਾਰੇ ਯਾਤਰੀ ਗੱਡੀ ਤੋਂ ਉਤਾਰ ਦਿੱਤੇ ਗਏ। ਜ਼ਿਲ੍ਹੇਵਾਰ ਬੂਥਾਂ ਤੇ ਅਪਣੇ ਅਪਣੇ ਪਾਸਪੋਰਟ ਦਰਜ਼ ਕਰਵਾਏ ਗਏ। ਆਪਣਾ ਸਾਮਾਨ ਚੈਕ ਕਰਵਾਇਆ ਤੇ ਫਿਰ ਉਸੇ ਗੱਡੀ ਤੇ ਜੋ ਹੁਣ ਪਲੇਟ ਫਾਰਮ ਬਦਲ ਚੁੱਕੀ ਸੀ, ਸਵਾਰ ਹੋ ਗਏ। ਗੱਡੀ ਦੀ ਹਾਲਤ ਵਧੀਆ ਨਹੀਂ ਸੀ। ਸੀਟਾਂ ਲਕੜੀ ਦੀਆਂ ਹੀ ਸਨ। ਡੱਬੇ ਸਾਧਾਰਨ ਸਤਰ ਦੇ ਹੀ ਸਨ। ਪਾਕਿਸਤਾਨੀ ਗੱਡੀਆਂ ਹਾਲੇ ਇਸੇ ਹੀ ਪਧਰ ਦੀਆਂ ਹਨ। ਵਾਘਾ ਸਟੇਸ਼ਨ ਤੇ ਗੱਡੀ ਰੁੱਕੀ। ਹੁਣ ਸਾਮਾਨ ਉਤਾਰਨ ਦੀ ਲੋੜ ਨਹੀਂ ਸੀ। ਸਾਰੇ ਮੁਸਾਫਿਰ ਅਲਗ-ਅਲਗ ਕਤਾਰਾਂ ਵਿੱਚ ਪਾਸਪੋਰਟ ਜਮ੍ਹਾਂ ਕਰਵਾਉਣ ਲਈ ਖੜ੍ਹੇ ਹੋ ਗਏ। ਪਾਕਿਸਤਾਨੀ ਅਧਿਕਾਰੀ ਰਜਿਸਟ੍ਰਾਂ ਵਿੱਚ ਪਾਸਪੋਰਟ ਦੀ ਜਾਣਕਾਰੀ ਦਰਜ ਕਰ ਰਹੇ ਸਨ ਅਤੇ ਬਦਲੇ ਵਿੱਚ ਇੱਕ ਕਾਗਜ਼ ਦਾ ਪੁਰਜ਼ਾ ਛਪਿਆ ਹੋਇਆ ਦੇ ਰਹੇ ਸਨ ਜੋ ਪਾਸਪੋਰਟ ਪ੍ਰਾਪਤ ਕਰਨ ਦੀ ਰਸੀਦ ਸੀ। ਇਥੇ ਵਕਫ ਬੋਰਡ ਵਲੋਂ ਚਾਹ, ਪੂਰੀ, ਹਲਵਾ, ਛੋਲੇ, ਪਾਣੀ ਦਾ ਪ੍ਰਬੰਧ ਕੀਤਾ ਗਿਆ ਸੀ। ਚਾਹਵਾਨ ਖਾ ਪੀ ਸਕਦੇ ਸਨ ਕਿਉਂਕਿ ਬਹੁਤ ਸਾਰੇ ਸਜਣ ਰਾਹ ਵਿੱਚ ਹੀ ਲੰਗਰ ਛੱਕ ਬੈਠੇ ਸਨ ਇਸ ਕਾਰਣ ਇਥੇ ਬਹੁਤ ਭੀੜ ਨਹੀਂ ਲੱਗੀ ਸੀ। ਕਾਰਵਾਈ ਪੂਰੀ ਹੋਣ ਤੇ ਗੱਡੀ ਚਲੀ ਤੇ ਲਗਭੱਗ ਪੰਜ ਵਜੇ ਸ਼ਾਮ ਲਾਹੌਰ ਪੁੱਜੀ। ਸੇਵਾਦਾਰਾਂ ਵਲੋਂ ਕਿਹਾ ਗਿਆ ਸੀ ਕਿ ਪਾਕਿਸਤਾਨੀ ਕਰੰਸੀ ਸਾਰਿਆਂ ਨੂੰ ਗੱਡੀ ਵਿੱਚ ਹੀ ਦਿੱਤੀ ਜਾਵੇਗੀ ਪਰ ਅਜਿਹਾ ਕੀਤਾ ਨਹੀਂ ਗਿਆ। ਰਾਤ ਪੈਣ ਵਾਲੀ ਸੀ ਚਾਹ, ਪਾਣੀ, ਖਾਣਾ ਖਰੀਦਣ ਲਈ ਪਾਕਿਸਤਾਨੀ ਕਰੰਸੀ ਦੀ ਲੋੜ ਸੀ। ਪੈਸੇ ਹੁੰਦੇ ਹੋਏ ਵੀ ਯਾਤਰੀ ਹਥੋਂ ਖਾਲੀ ਸਨ। ਜਿਵੇਂ ਜਿਵੇਂ ਰਾਤ ਗੱਡੀ ਵਿੱਚ ਕਟੀ ਗਈ। ਗੁਜਰਾਂਵਾਲਾ, ਗੁਜਰਾਤ, ਲਾਲਾ ਮੂਸਾ, ਜੇਹਲਮ, ਰਾਵਲਪਿੰਡੀ ਸਥਾਨਾਂ ਨੂੰ ਪਿੱਛੇ ਛੱਡਦੀ ਮੂੰਹ ਹਨੇਰੇ ਗੱਡੀ ਹਸਨ ਅਬਦਾਲ ਨਾਮਕ ਸਟੇਸ਼ਨ ਤੇ ਜਾ ਖੜੀ ਹੋਈ। ਸਟੇਸ਼ਨ ਤੋਂ ਬਾਹਰ ਬੱਸਾਂ, ਟੈਕਸੀਆਂ, ਟਾਂਗੇ ਆਦਿ ਤਿਆਰ ਖੜ੍ਹੇ ਸਨ। ਲੋਕ ਆਪਣਾ ਆਪਣਾ ਬੋਰੀਆਂ ਬਿਸਤਰਾਂ ਚੁੱਕੀ ਉਹਨਾਂ ਤੇ ਸਵਾਰ ਹੋ ਗਏ। ਤਿੰਨਾਂ ਮਿੰਟਾਂ ਬਾਅਦ ਅਸੀਂ ਗੁਰਦੁਆਰਾ ਪੰਜਾ ਸਾਹਿਬ ਪੁਜ ਗਏ। ਕਮਰੇ ਦਾ ਪ੍ਰਬੰਧ

ਹੁੰਦੇ ਹੋਏ ਜਾਗਣ ਦਾ ਵੇਲਾ ਹੋ ਗਿਆ ।

**ਪੰਜਾ ਸਾਹਿਬ :** ਇਹ ਇਕ ਨਵੇਕਲਾ ਸਥਾਨ ਹੈ । ਪੱਥਰ ਦੀ ਚੱਟਾਨ ਜੋ ਗੁਰੂ ਨਾਨਕ ਦੇਵ ਜੀ ਦਾ ਹੱਥ ਲਗਦੇ ਹੀ ਮੌਮ ਦੀ ਤਰ੍ਹਾਂ ਨਰਮ ਹੋ ਗਈ ਜਿਸ ਦੀ ਛਾਤੀ ਵਿੱਚ ਗੁਰੂ ਜੀ ਦਾ ਸੱਜਾ ਪੰਜਾ ਪੂਰੀ ਤਰ੍ਹਾਂ ਛੱਪ ਗਿਆ । ਪੱਥਰ ਦੇ ਹੇਠੋਂ ਇਕੋ ਰਫਤਾਰ ਨਾਲ ਨਿਰਮਲ, ਸ਼ੀਤਲ ਜੱਲ ਦੀ ਧਾਰਾ ਵਹਿ ਰਹੀ ਹੈ । ਪੰਜਾ ਥੋੜ੍ਹਾ ਪਾਣੀ ਵਿੱਚ ਅਤੇ ਥੋੜ੍ਹਾ ਬਾਹਰ ਹੈ । ਇੱਥੇ ਇਸ਼ਨਾਨ ਕਰਨ ਦਾ ਪ੍ਰਬੰਧ ਹੈ । ਪੰਜੇ ਨੂੰ ਛੂ ਕੇ ਆਤਮਕ ਆਨੰਦ ਪ੍ਰਾਪਤ ਹੁੰਦਾ ਹੈ । ਇਸਤਰੀਆਂ ਦੇ ਇਸ਼ਨਾਨ ਕਰਨ ਦੀ ਅਲਗ ਜਗ੍ਹਾ ਹੈ ਜਿਥੋਂ ਉਹ ਵੀ ਪੰਜੇ ਨੂੰ ਛੂ ਸਕਦੀਆਂ ਹਨ । ਛੋਟਾ ਜਿਹਾ ਸਰੋਵਰ ਹੈ ਜਿਸ ਦੇ ਕਿਨਾਰੇ ਗੁਰਦੁਆਰਾ ਹੈ । ਨੇੜੇ ਹੀ ਤਿੰਨ ਸਥਾਨਾਂ ਤੋਂ ਪਾਣੀ ਫੁਟ ਰਿਹਾ ਹੈ ਉਥੇ ਵੀ ਲੋਕ ਇਸ਼ਨਾਨ ਕਰਦੇ ਹਨ । ਸਾਬਣ ਦੀ ਵਰਤੋਂ ਵੀ ਕਰਦੇ ਹਨ । ਨਾਲ ਹੀ ਇਕ ਸਕੂਲ ਹੈ ਜਿਸ ਦੀ ਬਿਲਡਿੰਗ ਕਾਫ਼ੀ ਵੱਡੀ ਹੈ । ਯਾਤਰੀਆਂ ਲਈ ਖਾਲੀ ਕਰਵਾ ਲਈ ਜਾਂਦੀ ਹੈ । ਸਰੋਵਰ ਦੇ ਕੰਢੇ ਤੇ ਹੀ ਲੰਗਰ ਦਾ ਪ੍ਰਬੰਧ ਕੀਤਾ ਜਾਂਦਾ ਹੈ ।

**ਵਲੀ ਕੰਧਾਰੀ :** ਇਹ ਇਕ ਅਲਾਹ ਵਾਲੇ ਫਕੀਰ ਸਨ ਇਹਨਾਂ ਦਾ ਪੂਰਾ ਨਾਮ ਹਜ਼ਰਤ ਬਾਬਾ ਹਸਨ ਅਬਦਾਲ ਸੀ । ਈਰਾਨ ਦੇ ਜ਼ਿਲ੍ਹਾ ਹਜਾਨ ਵਿੱਚ ਬਾਬਾ ਵਲੀ ਅਤੇ ਅੰਗਜਾਨ ਵਿੱਚ ਇੱਕ ਪਿੰਡ ਦਾ ਨਾਂ ਹਸਨ ਅਬਦਾਲ ਹੈ । ਅਫਗਾਨਿਸਤਾਨ ਵਿੱਚ ਜਿਥੇ ਉਹਨਾਂ ਨੇ ਕੁਝ ਦਿਨ ਬਿਤਾਏ ਸਨ ਉਸ ਸਥਾਨ ਦਾ ਨਾਂ ਵੀ ਹਸਨ ਅਬਦਾਲ ਪੈ ਗਿਆ । ਜਦੋਂ ਉਹ ਹਿੰਦੋਸਤਾਨ ਆਏ ਤੇ ਇਸ ਜਗ੍ਹਾ ਆਪਣਾ ਡੇਰਾ ਜਮਾਇਆ ਤਾਂ ਇਸ ਸਥਾਨ ਦਾ ਨਾਂ ਵੀ ਹਸਨ ਅਬਦਾਲ ਰੱਖ ਹੋ ਗਿਆ । ਗੁਰਦੁਆਰੇ ਤੋਂ ਪਹਾੜੀ ਦੀਆਂ ਤਿੰਨ ਚੋਟੀਆਂ ਦਿਖਾਈ ਦਿੰਦੀਆਂ ਹਨ । ਆਖਰੀ ਚੋਟੀ ਸਮੁੰਦਰੀ ਸਤਾਅ ਤੋਂ 2344 ਫੁਟ ਉਚੀ ਹੈ । ਇਥੇ ਵਲੀ ਕੰਧਾਰੀ ਦਾ ਮਜ਼ਾਰ ਹੈ । ਹਜ਼ਾਰਾਂ ਲੋਕ ਉਬੜ-ਖਾਬੜ ਪਹਾੜੀ ਰਸਤੇ ਤੇ ਲੰਘਦੇ ਹੋਏ ਉਪਰ ਜਾਂਦੇ ਹਨ । ਪਹਾੜੀ ਪਥਰੀਲੀ ਅਤੇ ਖੁਸ਼ਕ ਹੈ । ਉਪਰ ਜਾ ਕੇ ਕੁਝ ਛੋਟੇ ਛੋਟੇ ਦਰਖਤ ਹਨ । ਵਲੀ ਕੰਧਾਰੀ ਦੇ ਜੀਵਨ ਕਾਲ ਵਿੱਚ ਸਵਾ ਸੇਰ ਤੇਲ ਅਤੇ ਸਵਾ ਪਾ ਰੂੰ ਦੀ ਬੱਤੀ ਦਾ ਚਿਰਾਗ਼ ਹਰ ਰੋਜ਼ ਜਗਦਾ ਸੀ । ਇਥੇ ਇੱਕ ਪਾਣੀ ਦਾ ਚਸ਼ਮਾ ਵੀ ਸੀ । ਜਦੋਂ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਹਸਨ ਅਬਦਾਲ ਪੁੱਜੇ ਤਾਂ ਮਰਦਾਨੇ ਨੂੰ ਪਿਆਸ ਲੱਗੀ । ਮਰਦਾਨੇ ਨੂੰ ਪਾਣੀ ਲੈਣ ਦੀ ਖਾਤਰ ਪਹਾੜੀ ਤੇ ਭੇਜਿਆ ਗਿਆ । ਪਰ ਮਰਦਾਨਾ ਖਾਲੀ ਹੱਥ ਮੁੜ ਆਇਆ । ਗੁਰੂ ਜੀ ਨੇ ਦੂਜੀ ਵਾਰੀ ਫਿਰ ਭੇਜਿਆ । ਮਰਦਾਨਾ ਪਾਣੀ ਦੀ ਥਾਂ ਇੱਕ ਤਾਨ੍ਹਾਂ ਲੈ ਕੇ ਪਰਤ ਆਇਆ । ਤੇਰਾ ਮੁਰਸ਼ਦ ਜੇ ਸ਼ਕਤੀਸ਼ਾਲੀ ਹੈ ਤਾਂ ਉਹ ਉਥੇ ਹੀ ਪਾਣੀ ਪੈਦਾ ਕਰ ਲਵੇ । ਗੁਰੂ ਜੀ ਨੂੰ ਮਰਦਾਨੇ ਨੇ ਪੂਰੀ ਵਾਰਤਾ ਸੁਣਾਈ । ਗੁਰੂ ਜੀ ਨੇ ਕੋਲ ਪਏ ਇੱਕ ਪੱਥਰ ਦੇ ਟੁਕੜੇ ਨੂੰ ਹਟਾਉਣ ਲਈ ਮਰਦਾਨੇ ਨੂੰ ਕਿਹਾ । ਜਦੋਂ ਮਰਦਾਨੇ ਨੇ ਪੱਥਰ ਦਾ ਟੁਕੜਾ ਪਰ੍ਹੇ ਕੀਤਾ ਤਾਂ ਉਸ ਸਥਾਨ ਤੋਂ ਨਿਰਮਲ ਤੇ ਸ਼ੀਤਲ ਜਲ ਦਾ ਇੱਕ ਚਸ਼ਮਾ ਵਹਿ ਤੁਰਿਆ । ਦੂਜੇ ਪਾਸੇ ਪਹਾੜੀ ਤੇ ਵਗਣ ਵਾਲਾ ਚਸ਼ਮਾ ਸੁਕਣਾ ਸ਼ੁਰੂ ਹੋ ਗਿਆ । ਇਹ ਕੌਤਕ ਵੇਖ ਕੇ ਵਲੀ ਕੰਧਾਰੀ ਨੂੰ ਬੜਾ ਗੁੱਸਾ ਚੜ੍ਹਿਆ । ਉਸ ਨੇ ਗੁਰੂ ਜੀ ਨੂੰ ਮਾਰਨ ਦੀ ਖਾਤਰ ਪੱਥਰ ਦੀ ਇੱਕ ਚਟਾਨ ਲੁੜਕਾ ਦਿੱਤੀ । ਗੁਰੂ ਜੀ ਨੇ ਆਪਣੇ ਸੱਜੇ ਹੱਥ ਨਾਲ ਉਸ ਨੂੰ ਰੋਕ ਲਿਆ । ਚਟਾਨ ਉਥੇ ਹੀ ਰੁੱਕ ਗਈ ਤੇ ਗੁਰੂ ਜੀ ਦਾ ਪੰਜਾ ਉਸ ਵਿੱਚ ਛਪ ਗਿਆ । ਇਹ ਵੇਖ ਕੇ ਵਲੀ ਕੰਧਾਰੀ ਪਹਾੜੀ ਤੋਂ ਥੱਲੇ ਉਤਰਿਆ । ਜਦੋਂ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਉਸ ਦਾ ਕਰੋਧ, ਅਭਿਮਾਨ ਸਭ ਕਾਫ਼ੂਰ ਹੋ ਗਿਆ । ਦੋਨਾਂ ਦੀ ਮੁਲਾਕਾਤ ਦੋਸਤੀ ਵਿੱਚ ਬਦਲ ਗਈ । ਵਲੀ ਕੰਧਾਰੀ ਅਪਣੀ ਕਰਾਮਾਤੀ ਸ਼ਕਤੀ ਨਾਲ ਪਾਣੀ ਵਾਪਸ ਨਾ ਲੈ ਜਾ ਸਕਿਆ । ਵਲੀ ਦਾ ਮਰਦਾਨੇ ਨੂੰ ਪਾਣੀ ਨਾ ਦੇਣਾ ਹੀ ਪੰਜਾ ਸਾਹਿਬ ਦੇ ਵਜੂਦ ਦਾ ਕਾਰਣ ਬਣਿਆ ।

**ਸ਼ਹਿਰ ਪੰਜਾ ਸਾਹਿਬ :** ਪਹਾੜੀ ਦੇ ਦਾਮਨ ਵਿੱਚ ਵਸਿਆ ਹੋਇਆ ਇੱਕ ਨਗਰ ਹੈ । ਬਾਜ਼ਾਰ ਤੇ ਦੁਕਾਨਾਂ ਬਹੁਤ ਹਨ । ਵਿਸਾਖੀ ਦੇ ਅਵਸਰ ਉਥੇ ਨੇੜੇ ਲਗਦੇ ਬਾਜ਼ਾਰਾਂ ਵਿੱਚ ਬੜੀ ਗਹਿਮਾ-ਗਹਿਮੀ ਸੀ । ਗੁਰਦੁਆਰੇ ਦੇ ਆਸ ਪਾਸ ਦਾ ਇਲਾਕਾ, ਬਾਜ਼ਾਰ ਯਾਤ੍ਰੀਆਂ ਦੀ ਆਵਾਜਾਈ ਕਾਰਣ ਭਰੇ ਪਏ ਸਨ । ਲੋਕ ਪੱਕੇ ਮਕਾਨਾਂ ਵਿੱਚ ਰਹਿੰਦੇ ਹਨ । ਲੋਕਾਂ ਦੇ ਘਰਾਂ ਅਤੇ ਦੁਕਾਨਾਂ ਵਿੱਚ ਗੈਸ ਪਾਇਪਾਂ ਰਾਹੀਂ ਪੁਜਦੀ ਹੈ ਜਿਵੇਂ ਵਾਟਰ ਸਪਲਾਈ ਦੀਆ ਪਾਈਪਾਂ ਹੁੰਦੀਆਂ ਹਨ । ਮੌਸਮ ਬੜਾ ਸੁਹਾਵਨਾ ਸੀ । 12 ਅਪ੍ਰੈਲ ਨੂੰ ਸਵੇਰੇ ਥੋੜ੍ਹੀ ਵਰਖਾ ਹੋਣ ਕਾਰਣ ਮੌਸਮ ਥੋੜ੍ਹਾ ਠੰਡਾ ਹੋ ਗਿਆ ਸੀ ।

ਪਰ 10 ਵਜੇ ਤੋਂ ਬਾਅਦ ਤਿਖੀ ਧੁੱਪ ਨਿਕਲ ਆਈ ਸੀ । ਵਲੀ ਕੰਧਾਰੀ ਦੀ ਪਹਾੜੀ ਚੜਦਿਆਂ ਬੜੀ ਗਰਮੀ ਲਗ ਰਹੀ ਸੀ । ਖੁਸ਼ਕ ਪਹਾੜ ਤੇ ਤਿਖੀ ਧੁੱਪ । ਪਹਾੜੀ ਤੋਂ ਸਾਰਾ ਨਗਰ ਦਿਖਾਈ ਦਿੰਦਾ ਹੈ ।

**ਪੁਲੀਸ :** ਗੁਰਦੁਆਰੇ ਦੇ ਅੰਦਰ ਆਣ-ਜਾਣ ਲਈ ਦੋ ਗੇਟ ਹਨ । ਇਹਨਾਂ ਉਤੇ ਪੁਲੀਸ ਦਾ ਹਰ ਵਕਤ ਪਹਿਰਾ ਰਹਿੰਦਾ ਸੀ । ਪੁਲੀਸ ਹਰ ਆਉਣ-ਜਾਣ ਵਾਲੇ ਤੇ ਤਿਖੀ ਨਿਗਾਹ ਰੱਖਦੀ ਸੀ ਤਾਂ ਕਿ ਕੋਈ ਸ਼ਰਾਰਤ ਨਾ ਕਰ ਸਕੇ । ਸ਼ੱਕ ਪੈਣ ਤੇ ਪਾਕਿਸਤਾਨ ਦੇ ਵਾਸੀਆਂ ਤੋਂ ਪੁਛ ਪੜਤਾਲ ਵੀ ਕੀਤੀ ਜਾਂਦੀ ਸੀ । ਜ਼ਨਾਨਾ ਪੁਲੀਸ ਵੀ ਡਿਊਟੀ ਤੇ ਲਗਾਈ ਗਈ ਸੀ ।

**ਸਿੰਧੀ ਹਿੰਦੂ :** ਹਜ਼ਾਰਾਂ ਦੀ ਗਿਣਤੀ ਵਿੱਚ ਸਿੰਧੀ ਹਿੰਦੂ ਪਰਿਵਾਰ ਪੰਜਾ ਸਾਹਿਬ ਵਿਸਾਖੀ ਦੇ ਅਸਨਾਨ ਤੇ ਸੰਗਤਾਂ ਦੀ ਸੇਵਾ ਲਈ ਪੁਜੇ । ਲੰਗਰ ਦੀ ਸੇਵਾ ਇਹਨਾਂ ਦੇ ਹੱਥਾਂ ਵਿੱਚ ਸੀ । ਅਨੇਕਾਂ ਸਬਜ਼ੀਆਂ ਕੱਟਣ ਵਿੱਚ, ਆਟਾ ਗੁੰਨਣ ਵਿੱਚ, ਲੰਗਰ ਪਕਾਉਣ ਵਿੱਚ, ਬਰਤਨ ਮਾਂਜਣ ਵਿੱਚ, ਲੰਗਰ ਵੰਡਣ ਵਿੱਚ ਲਗੇ ਹੋਏ ਵੇਖਣ ਵਿੱਚ ਆਉਂਦੇ ਸਨ । ਤੜਕੇ ਤੋਂ ਲੈ ਕੇ ਦੇਰ ਰਾਤ ਤਕ ਸੇਵਾ ਵਿੱਚ ਮਗਨ ਸ਼ਰਧਾਲੂ ਵਿਅਕਤੀ ਗੁਰੂ ਕਿਰਪਾ ਦੇ ਹਕਦਾਰ ਹਨ । ਸਥਾਨ ਥੋੜ੍ਹਾ ਤੇ ਭੀੜ ਜ਼ਿਆਦਾ ਸੀ । ਸਰੋਵਰ ਦੇ ਕਿਨਾਰੇ ਹੀ ਲੰਗਰ ਦਾ ਪ੍ਰਬੰਧ ਹੁੰਦਾ ਹੈ । ਫਰਸ਼ ਕਾਫੀ ਗਿੱਲਾ ਹੋ ਜਾਂਦਾ ਹੈ । ਕਈ ਵਾਰ ਤਾਂ ਲੰਗਰ ਖੜ੍ਹੇ ਹੋ ਕੀ ਹੀ ਛਕਣਾ ਪੈਂਦਾ ਹੈ । 13 ਅਪ੍ਰੈਲ ਨੂੰ ਵਿਸਾਖੀ ਮਨਾਈ ਗਈ । ਪਾਕਿਸਤਾਨ ਵਿੱਚ ਰਹਿਣ ਵਾਲੇ ਹਿੰਦੂ-ਸਿਖ ਪਰਿਵਾਰ ਬਹੁ ਗਿਣਤੀ ਵਿੱਚ ਪੁਜ ਰਹੇ ਸਨ । ਪਸ਼ਾਵਰ ਦੇ ਸਿੱਖ ਵੀ ਵੱਡੀ ਸੰਖਿਆ ਵਿੱਚ ਆਏ ਹੋਏ ਸਨ । 14 ਅਪ੍ਰੈਲ ਨੂੰ ਭਾਰਤੀ ਜਥੇ ਨੂੰ ਬੱਸਾਂ ਰਾਹੀਂ ਰਾਵਲਪਿੰਡੀ ਲੈ ਜਾਇਆ ਗਿਆ । ਬਸ ਦਾ ਕਿਰਾਇਆ ਤੀਹ ਰੁਪਏ ਆਉਣ-ਜਾਣ ਸੀ । ਬੱਸਾਂ ਬਾਜ਼ਾਰ ਖੜੀਆਂ ਕਰ ਦਿੱਤੀਆਂ ਗਈਆਂ ਅਤੇ ਯਾਤਰੀਆਂ ਨੂੰ ਤਿੰਨ ਵਜੇ ਤੱਕ ਘੁੰਮ ਫਿਰ ਕੇ ਵਾਪਸ ਆਪਣੀ ਬੱਸ ਵਿੱਚ ਆ ਜਾਣ ਲਈ ਕਹਿ ਦਿੱਤਾ ਗਿਆ । ਇਹ ਇੱਕ ਬੜਾ ਪ੍ਰਸਿੱਧ, ਪੁਰਾਣਾ ਤੇ ਵੱਡਾ ਨਗਰ ਹੈ । ਲੋਕਾਂ ਨੇ ਪੰਜਾ ਸਾਹਿਬ ਦੀ ਤਰ੍ਹਾਂ ਇਥੇ ਵੀ ਮਨ ਪਸੰਦ ਦੀਆਂ ਵਸਤੂਆ ਖਰੀਦੀਆਂ । ਇਸ ਇਲਾਕੇ ਦੀਆਂ ਸੜਕਾਂ ਬੜੀਆਂ ਚੌੜੀਆਂ ਹਨ । ਰੌਣਕ ਵੀ ਬੜੀ ਸੀ । ਦੁਕਾਨਾਂ ਤੇ ਮਾਰਕੀਟਾਂ ਤੋਂ ਇਲਾਵਾ ਸੜਕਾਂ ਤੇ ਫੜੀ ਲਾ ਕੇ ਕੱਪੜਾ, ਰੁਮਾਲ, ਜੁਰਾਬਾਂ, ਚੱਪਲਾਂ, ਪਰਦੇ, ਪੈਨ, ਘੜੀਆਂ ਆਦਿ ਵੀ ਲੋਕ ਵੇਚ ਰਹੇ ਸਨ । ਸ਼ਾਮ ਪੰਜ ਵਜੇ ਅਸੀਂ ਮੁੜ ਪੰਜਾ ਸਾਹਿਬ ਪੁਜ ਗਏ ਸਾਂ । ਹੁਣ ਰਾਤ ਨੂੰ ਅਗਲਾ ਸਫਰ ਸ਼ੁਰੂ ਹੋਣ ਵਾਲਾ ਸੀ । ਚੰਗੀ ਗੱਲ ਇਹ ਕੀਤੀ ਗਈ ਕਿ ਛੋਟੇ ਛੋਟੇ ਗਰੁੱਪਾਂ ਨੂੰ ਨਨਕਾਣਾ ਸਾਹਿਬ ਵਿੱਚ ਠਹਿਰਨ ਲਈ ਇਥੇ ਹੀ ਕਮਰੇ ਅਲਾਟ ਕਰ ਦਿੱਤੇ ਗਏ ਸਨ ਤਾਂ ਕਿ ਯਾਤਰੀ ਸਿੱਧਾ ਉਸੇ ਕਮਰੇ ਵਿੱਚ ਜਾ ਕੇ ਠਹਿਰੇ । ਲੋਕਾਂ ਨੇ ਲੰਗਰ ਛਕਿਆ ਤੇ ਸਟੇਸ਼ਨ ਤੇ ਪੁਜਣੇ ਸ਼ੁਰੂ ਹੋ ਗਏ । ਆਪਣੀ ਆਪਣੀ ਮਰਜ਼ੀ ਨਾਲ ਹਰੇਕ ਨੇ ਪਹਿਲੀ, ਦੂਜੀ ਜਾਂ ਤੀਜੀ ਗੱਡੀ ਪਕੜੀ ਤੇ ਸਵੇਰੇ ਨਨਕਾਣਾ ਸਾਹਿਬ ਪੁੱਜ ਗਏ ।

(ਚਲਦਾ)

# ਪੁਸਤਕ-ਪਰਿਚੈ

ਰੀਵਿਊਕਾਰ : ਪ੍ਰੋ. ਨਵ ਸੰਗੀਤ ਸਿੰਘ

ਪੁਸਤਕ : ਬਾਬਾ ਸ਼ੇਖ਼ ਫ਼ਰੀਦ

ਸੰਪਾਦਕ : ਐਮ. ਜੀ. ਗੁਪਤਾ

ਪੰਨੇ : 170

ਮੁੱਲ : 45/- (ਪੇਪਰਬੈਕ) ; 100/- (ਸਜਿਲਦ)

ਪ੍ਰਕਾਸ਼ਕ : ਲੋਕ ਗੀਤ ਪ੍ਰਕਾਸ਼ਨ, ਸਰਹਿੰਦ (1996)

ਸ੍ਰੀ ਐਮ. ਜੀ. ਗੁਪਤਾ ਦਾ ਸਿੱਖ ਧਰਮ ਅਤੇ ਸਿੱਖ ਗੁਰੂਆਂ ਪ੍ਰਤੀ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਭਰਿਆ ਝੁਕਾਅ ਹੈ । ਇਹ ਇਸ ਗੱਲ ਦਾ ਪ੍ਰਮਾਣ ਹੈ ਕਿ ਉਨ੍ਹਾਂ ਨੇ ਇਸ ਕਿਤਾਬ ਤੋਂ ਪਹਿਲਾਂ 'ਗੁਰੂ ਤੇਗ ਬਹਾਦਰ: ਹਿੰਦ ਦੀ ਚਾਦਰ' (1993 ਈ.) ਅਤੇ 'ਸਿੱਖ ਧਰਮ ਤੇ ਸ਼ਹੀਦੀ ਪਰੰਪਰਾ' (1995) ਜਿਹੀਆਂ ਅਨਮੋਲ ਪੁਸਤਕਾਂ ਸਿੱਖ ਧਰਮ ਅਤੇ ਪ੍ਰਚਾਰ ਹਿਤ ਮੁਫਤ ਵੰਡੀਆਂ ਸਨ, ਜਿਨ੍ਹਾਂ ਦੀ ਅਕਾਦਮਿਕ ਅਤੇ ਆਲੋਚਨਾਤਮਕ ਹਲਕਿਆਂ ਵਿਚ ਬੜੀ ਚਰਚਾ ਹੋਈ ਸੀ ।

ਸ੍ਰੀ ਗੁਪਤਾ ਫਰੀਦਕੋਟ ਸ਼ਹਿਰ ਦੇ ਬਾਸ਼ਿੰਦੇ ਹਨ, ਜਿਸਦਾ ਨਾਂ ਬਾਬਾ ਫਰੀਦ ਜੀ ਦੀ ਯਾਦ ਨਾਲ ਜੁੜਿਆ ਹੋਇਆ ਹੈ । ਫਰੀਦਕੋਟ ਵਿਖੇ ਹਰ ਸਾਲ ਬਾਬਾ ਸ਼ੇਖ਼ ਫਰੀਦ ਜਾ ਦਾ ਆਗਮਨ ਪੁਰਬ 21 ਸਤੰਬਰ ਤੋਂ 23 ਸਤੰਬਰ ਤੱਕ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾਂਦਾ ਹੈ । ਬਾਬਾ ਫਰੀਦ ਜੀ (1173-1266) ਸੂਫੀ ਵਿਚਾਰਧਾਰਾ ਦੇ ਸੰਸਥਾਪਕ ਅਤੇ ਪੰਜਾਬੀ ਦੇ ਆਦਿ ਕਵੀ ਵਜੋਂ ਵਿਖਿਆਤ ਹਨ । ਆਪ ਦੇ ਰਚੇ ਹੋਏ 112 ਸ਼ਲੋਕ ਅਤੇ 4 ਸ਼ਬਦ ਆਦਿ ਗ੍ਰੰਥ ਵਿਚ ਸੰਕਲਿਤ ਹਨ । ਆਪ ਦੀ ਵਿਚਾਰਧਾਰਾ ਵਿਚ ਜੀਵਾਤਮਾ, ਪਰਮਾਤਮਾ, ਨਾਸ਼ਮਾਨਤਾ, ਰਜ਼ਾ ਵਿਚ ਰਾਜ਼ੀ ਰਹਿਣਾ, ਨਿਮਰਤਾ, ਸੇਵਾ, ਬੁਰੇ ਕੰਮਾਂ ਅਤੇ ਪਖੰਡਾਂ ਦਾ ਤਿਆਗ, ਸੱਚੇ ਮਾਰਗ ਤੇ ਚੱਲਣਾ, ਸਾਦਗੀ ਆਦਿ ਵਿਸ਼ੇ ਵਿਅਕਤੀ ਵਿਚ ਨੈਤਿਕ-ਸ਼ਾਸਤਰ ਦਾ ਨਿਰਮਾਣ ਕਰਦੇ ਹਨ ।

ਆਦਿ ਗ੍ਰੰਥ ਵਿਚ ਸੰਕਲਿਤ ਆਪ ਦੀ ਰਚਨਾ ਨੇ ਇਕ ਅਜਿਹੀ ਵਿਚਾਰਧਾਰਾ ਦੀ ਆਧਾਰਸ਼ਿਲਾ ਰੱਖੀ, ਜੋ ਲਗਭਗ ਪੰਜ ਸ਼ਤਾਬਦੀਆਂ ਤੋਂ ਸਾਡੇ ਸਭਿਆਚਾਰ ਦਾ ਇਕ ਅਟੁੱਟ ਸਰਮਾਇਆ ਬਣੀ ਹੋਈ ਹੈ ।

ਵਿਚਾਰ ਅਧੀਨ ਪੁਸਤਕ ਵਿਚ ਬਾਬਾ ਸ਼ੇਖ਼ ਫਰੀਦ ਨਾਲ ਸਬੰਧਿਤ ਵਿਭਿੰਨ ਪੱਖਾਂ ਉਪਰ 25 ਲੇਖ ਸੰਕਲਿਤ ਕੀਤੇ ਗਏ ਹਨ, ਜਿਨ੍ਹਾਂ 'ਚੋਂ ਵਧੇਰੇ ਫਰੀਦਕੋਟ ਸ਼ਹਿਰ ਦੇ ਪ੍ਰਤੀਨਿਧ ਅਤੇ ਪ੍ਰਮੁੱਖ ਲੇਖਕਾਂ ਦੇ ਹਨ । ਹੋਰਨਾਂ ਲੇਖਕਾਂ ਵਿਚ ਪ੍ਰਿੰ. ਸਤਿਬੀਰ ਸਿੰਘ, ਪ੍ਰੋ. ਨਵ ਸੰਗੀਤ ਸਿੰਘ, ਜਨਾਬ ਇਲੀਆਸ ਘੁੰਮਣ (ਪਾਕਿਸਤਾਨ), ਪਿਆਰਾ ਸਿੰਘ ਦਾਤਾ ਅਤੇ ਸਰੂਪ ਸਿੰਘ ਅਲੱਗ ਆਦਿ ਦੇ ਨਾਂ ਸ਼ਾਮਲ ਹਨ ।

ਫਰੀਦ ਜੀ ਦੇ ਜਿਨ੍ਹਾਂ ਪੱਖਾਂ ਨੂੰ ਇਸ ਵਿਚ ਸ਼ਾਮਲ ਕੀਤਾ ਗਿਆ ਹੈ, ਉਨ੍ਹਾਂ ਵਿਚ ਆਪ ਦੀ ਜੀਵਨੀ, ਮਨੁੱਖੀ ਏਕਤਾ ਦੇ ਪ੍ਰਤੀਕ, ਸੂਫੀਵਾਦ, ਵਿਚਾਰਧਾਰਾ, ਬਾਣੀ ਦੀ ਪ੍ਰਮਾਣਿਕਤਾ, ਨੈਤਿਕਤਾ, ਬਾਣੀ ਦੀ ਮਹਾਨਤਾ, ਸ਼ੈਲੀਗਤ ਵਿਲੱਖਣਤਾ, ਬਾਣੀ ਦੇ ਸਰਲ ਅਰਥ ਆਦਿ ਮਹੱਤਵਪੂਰਨ ਲੇਖ ਸ਼ਾਮਲ ਹਨ ।

'ਮਨੁੱਖੀ ਏਕਤਾ ਦੇ ਪ੍ਰਤੀਕ' ਵਜੋਂ ਬਾਬਾ ਫਰੀਦ ਜੀ ਦਾ ਕਲਾਮ ਮਨੁੱਖ ਨੂੰ ਮਨੁੱਖ ਨਾਲ ਜੋੜਨ ਵਾਸਤੇ ਇਕ ਪੁਲ ਦਾ ਕੰਮ ਕਰਦਾ ਹੈ । ਰਵਾਇਤ ਹੈ ਕਿ ਇਕ ਵਾਰ ਕਿਸੇ ਸ਼ਰਧਾਲੂ ਨੇ ਫਰੀਦ ਜੀ ਨੂੰ ਇਕ ਕੈਂਚੀ ਭੇਟ ਕੀਤੀ ਤਾਂ ਉਨ੍ਹਾਂ ਨੇ ਫਰਮਾਇਆ ਕਿ ਸਾਨੂੰ ਕੈਂਚੀ ਦੀ ਨਹੀਂ, ਸੂਈ ਦੀ ਜ਼ਰੂਰਤ ਹੈ । ਕੈਂਚੀ ਨਖੇੜਦੀ ਹੈ ਜਦ ਕਿ ਸੂਈ ਜੋੜਨ ਦਾ ਕੰਮ ਕਰਦੀ ਹੈ । (ਪੰਨਾ 17) ਲੋਕਾਂ ਵਿਚ ਆਪ ਦੀ ਖਿਚ ਦਾ ਕਾਰਨ ਸੀ ਕਿ ਆਪ ਮਜ਼ਹਬ ਦੀਆਂ ਸਖ਼ਤੀਆਂ ਨੂੰ ਨਹੀਂ ਮੰਨਦੇ ਸਨ । ਇਸਲਾਮ ਵਿਚ ਸੰਗੀਤ ਦੀ ਮਨਾਹੀ

ਹੋਣ ਦੇ ਬਾਵਜੂਦ ਆਪ ਪੂਰੇ ਸਾਜ਼ਾਂ ਦੀ ਸੰਗਤ ਵਿਚ ਕੱਵਾਲੀ ਸੁਣਨਾ ਪਸੰਦ ਕਰਦੇ ਸਨ । ਇਕ ਮਹਿਫਲ ਵਿਚ ਉਪਦੇਸ਼ ਦਿੰਦੇ ਉਨ੍ਹਾਂ ਨੇ ਫਰਮਾਇਆ ਕਿ ਇਸਲਾਮ ਦੇ ਪੰਜ ਨਹੀਂ ਛੇ ਰੁਕਨ (ਸਿਧਾਂਤ) ਹਨ । ਤੌਹੀਦ, ਨਮਾਜ਼, ਰੋਜ਼ਾ, ਜ਼ਕਾਤ ਅਤੇ ਹੱਜ ਦੇ ਨਾਲ ਛੇਵਾਂ ਰੁਕਨ ਰੋਟੀ ਹੈ । ਜਿੰਨਾਂ ਚਿਰ ਲੋਕਾਂ ਨੂੰ ਰੱਜ ਕੇ ਰੋਟੀ ਨਹੀਂ ਮਿਲੇਗੀ, ਉਹ ਇਨ੍ਹਾਂ 'ਚੋਂ ਕਿਸੇ ਇਕ ਰੁਕਨ ਉਤੇ ਵੀ ਪੂਰੀ ਤਰ੍ਹਾਂ ਅਮਲ ਨਹੀਂ ਕਰ ਸਕਣਗੇ । (ਪੰਨੇ 64, 65) ਆਪ ਜੀ ਦੇ ਜੀਵਨ ਦੇ ਅਜਿਹੇ ਹੀ ਕਿੰਨੇ ਹੋਰ ਦਿਲਚਸਪ ਪਰ ਸਿਖਿਆਤਮਕ ਪਹਿਲੂ ਇਸ ਪੁਸਤਕ ਵਿਚ ਪੇਸ਼-ਪੇਸ਼ ਹਨ ।

ਪੁਸਤਕ ਵਿਚ (ਫਰੀਦਕੋਟ ਵਿਖੇ) ਸ਼ੇਖ਼ ਫਰੀਦ ਜੀ ਦੀ ਯਾਦ ਨਾਲ ਸਬੰਧਿਤ 5-6 ਤਸਵੀਰਾਂ ਵੀ ਸ਼ਾਮਲ ਕੀਤੀਆ ਗਈਆਂ ਹਨ, ਜੋ ਕਿ ਇਸਦੇ ਮਹੱਤਵ ਨੂੰ ਹੋਰ ਵੀ ਉਜਾਗਰ ਕਰਦੀਆਂ ਹਨ । ਇਕੋ ਗੱਲ, ਜੋ ਇਸ ਕਿਤਾਬ ਦੀ ਆਭਾ ਨੂੰ ਘਟਾਉਂਦੀ ਹੈ ਉਹ ਹੈ ਪਰੂਫ ਰੀਡਿੰਗ । ਸਰਵਰਕ ਉਤੇ ਹੀ ਆਪ ਦੇ ਇਕ ਸ਼ਲੋਕ 'ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ' ਨੂੰ 'ਇਹ ਦੋ ਨੈਨਾ ਮਤ ਛੂਹੋ ਫਿਰ ਦੇਖਣ ਦੀ ਆਸ' ਲਿਖ ਕੇ ਭਾਰੀ ਗਲਤੀ ਦਾ ਪਰਿਚੈ ਦਿਤਾ ਹੈ । ਵਿਚ-ਵਿਚਾਲੇ ਵੀ ਕਾਫ਼ੀ ਗਲਤੀਆਂ ਰੜਕਦੀਆਂ ਹਨ । ਅਜਿਹੀਆਂ ਗਲਤੀਆਂ ਗੁਪਤਾ ਜੀ ਦੀਆਂ ਪਹਿਲੀਆਂ ਕਿਤਾਬਾਂ ਵਿਚ ਬਿਲਕੁਲ ਨਹੀਂ ਸਨ । ਸ਼ਾਇਕ ਇਸਦਾ ਇਕ ਕਾਰਨ ਪ੍ਰਕਾਸ਼ਨ ਦੀ ਅਣਗਹਿਲੀ ਹੋਵੇ । ਤਾਂ ਵੀ ਇਹ ਇਕ ਪੜ੍ਹਨਯੋਗ ਕ੍ਰਿਤੀ ਹੈ, ਜਿਸਨੂੰ ਜੀ ਆਇਆਂ ਕਹਿਣ ਬਣਦਾ ਹੈ ।

# ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

## ਪ੍ਰਿੰ. ਸਾਹਿਬ ਸਿੰਘ

ਆਸਾ ਮਹਲਾ ੧ ਪੰਚਪਦੇ ॥
ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ ਜਲ ਬਿਨੁ ਉਤਭੁਜ ਕਾਮਿ ਨਾਹੀ ॥ਕਿਆ ਸੁਲਤਾਨੁ ਸਲਾਮ ਵਿਹੂਣਾ ਅੰਧੀ ਕੋਠੀ ਤੇਰਾ ਨਾਮੁ ਨਾਹੀ ॥੧॥ ਕੀ ਵਿਸਰਹਿ ਦੁਖੁ ਬਹੁਤਾ ਲਾਗੈ ॥ ਦੁਖੁ ਲਾਗੈ ਤੂੰ ਵਿਸਰੁ ਨਾਹੀ ॥੧॥ ਰਹਾਉ॥ ਅਖੀ ਅੰਧੁ ਜੀਭ ਰਸੁ ਨਾਹੀ ਕੰਨੀ ਪਵਣੁ ਨਾ ਵਾਜੈ ॥ ਚਰਣੀ ਚਲੈ ਪਜੂਤਾ ਆਗੈ ਵਿਣੁ ਸੇਵਾ ਫਲ ਲਾਗੇ॥੨॥ ਅਖਰ ਬਿਰਖ ਬਾਗ ਭੁਇ ਚੋਖੀ ਸਿੰਚਿਤ ਭਾਉ ਕਰੇਹੀ ॥ ਸਭਨਾ ਫਲੁ ਲਾਗੈ ਨਾਮੁ ਏਕੋ ਬਿਨੁ ਕਰਮਾ ਕੈਸੇ ਲੇਹੀ ॥੩॥ ਜੇਤੇ ਜੀਅ ਤੇਤੇ ਸਭਿ ਤੇਰੇ ਵਿਣੁ ਸੇਵਾ ਫਲੁ ਕਿਸੈ ਨਾਹੀ ॥ ਦੁਖੁ ਸੁਖੁ ਭਾਣਾ ਤੇਰਾ ਹੋਵੈ ਵਿਣੁ ਨਾਵੈ ਜੀਉ ਰਹੈ ਨਾਹੀ ॥੪॥ ਮਤਿ ਵਿਚਿ ਮਰਣੁ ਜੀਵਣੁ ਹੋਰੁ ਕੈਸਾ ਜਾ ਜੀਵਾਂ ਤਾਂ ਜੁਗਤਿ ਨਾਹੀ ॥ ਕਹੈ ਨਾਨਕੁ ਜੀਵਾਲੇ ਜੀਆ ਜਹ ਭਾਵੈ ਤਹ ਰਾਖੁ ਤੁਹੀ ॥੫॥੧੯॥ [ਪੰਨਾ ੩੫੪]

ਅਰਥ : ਹੇ ਪ੍ਰਭੂ ! ਤੂੰ ਮੈਨੂੰ ਕਿਉਂ ਵਿਸਾਰਦਾ ਹੈਂ ? ਤੇਰੇ ਵਿਸਰਿਆਂ ਮੈਨੂੰ ਬੜਾ ਆਤਮਕ ਦੁੱਖ ਵਾਪਰਦਾ ਹੈ। ਹੇ ਪ੍ਰਭੂ ! (ਮੇਹਰ ਕਰ, ਮੇਰੇ ਮਨ ਤੋਂ) ਨਾਹ ਵਿਸਰ ।੧। ਰਹਾਉ ।

ਜੇਹੜੀ ਗਾਂ ਦੁੱਧ ਨਾਹ ਦੇਵੇ ਉਹ ਗਾਂ ਕਿਸ ਕੰਮ ? ਜੇਹੜੇ ਪੰਛੀ ਦੇ ਖੰਭ ਨਾਹ ਹੋਣ ਉਸ ਨੂੰ ਹੋਰ ਕੋਈ ਸਹਾਰਾ ਨਹੀਂ, ਬਨਸਪਤੀ ਪਾਣੀ ਤੋਂ ਬਿਨਾ ਹਰੀ ਨਹੀਂ ਰਹਿ ਸਕਦੀ । ਉਹ ਬਾਦਸ਼ਾਹ ਕਾਹਦਾ, ਜਿਸ ਨੂੰ ਕੋਈ ਸਲਾਮ ਨਾ ਕਰੇ ? ਇਸੇ ਤਰ੍ਹਾਂ ਹੇ ਪ੍ਰਭੂ ! ਜਿਸ ਹਿਰਦੇ ਵਿਚ ਤੇਰਾ ਨਾਮ ਨ ਹੋਵੇ ਉਹ ਇਕ ਹਨੇਰੀ ਕੋਠੜੀ ਹੀ ਹੈ ।੧।

ਅੱਖਾਂ ਅੱਗੇ ਹਨੇਰਾ ਆਉਣ ਲੱਗ ਪੈਂਦਾ ਹੈ, ਜੀਭ ਵਿਚ ਖਾਣ-ਪੀਣ ਦਾ ਸੁਆਦ ਮਾਨਣ ਦੀ ਤਾਕਤ ਨਹੀਂ ਰਹਿੰਦੀ, ਕੰਨਾਂ ਵਿਚ (ਰਾਗ ਆਦਿਕ) ਦੀ ਆਵਾਜ਼ ਨਹੀਂ ਸੁਣਾਈ ਦੇਂਦੀ, ਪੈਰਾਂ ਨਾਲ ਭੀ ਮਨੁੱਖ ਤਦੋਂ ਹੀ ਤੁਰਦਾ ਹੈ ਜੇ ਕੋਈ ਹੋਰ ਅਗੋਂ ਉਸ ਦੀ ਡੰਗੋਰੀ ਫੜੇ-(ਬੁਢੇਪੇ ਦੇ ਕਾਰਨ ਮਨੁੱਖ ਦੇ ਸਰੀਰ ਦੀ ਇਹ ਹਾਲਤ ਬਣ ਜਾਂਦੀ ਹੈ, ਫਿਰ ਭੀ) ਮਨੁੱਖ ਸਿਮਰਨ ਤੋਂ ਸੁੰਞਾ ਹੀ ਰਹਿੰਦਾ ਹੈ, ਇਸ ਦੇ ਜੀਵਨ-ਰੁੱਖ ਨੂੰ ਹੋਰ ਹੋਰ ਫਲ ਲੱਗਦੇ ਰਹਿੰਦੇ ਹਨ ।੨।

ਜੋ ਮਨੁੱਖ ਸੁਅੱਛ ਹਿਰਦੇ ਦੀ ਭੁਏਂ ਵਿਚ ਗੁਰ-ਸ਼ਬਦ ਰੂਪ ਬਾਗ ਦੇ ਰੁੱਖ ਲਾਂਦੇ ਹਨ ਅਤੇ ਪ੍ਰੇਮ-ਰੂਪ ਪਾਣੀ ਸਿੰਜਦੇ ਹਨ, ਉਹਨਾਂ ਸਭਨਾਂ ਨੂੰ ਅਕਾਲਪੁਰਖ ਦਾ ਨਾਮ-ਫਲ ਲੱਗਦਾ ਹੈ, ਪਰ ਪ੍ਰਭੂ ਦੀ ਮੇਹਰ ਤੋਂ ਬਿਨਾ ਇਹ ਦਾਤਿ ਨਹੀਂ ਮਿਲਦੀ ।੩।

ਹੇ ਪ੍ਰਭੂ ! ਇਹ ਸਾਰੇ ਜੀਵ ਤੇਰੇ ਹੀ ਪੈਦਾ ਕੀਤੇ ਹੋਏ ਹਨ, ਤੇਰਾ ਸਿਮਰਨ ਕਰਨ ਤੋਂ ਬਿਨਾ ਮਨੁੱਖਾ ਜੀਵਨ ਦਾ ਲਾਭ ਕਿਸੇ ਨੂੰ ਮਿਲ ਨਹੀਂ ਸਕਦਾ । (ਜੋ ਭੀ ਜੰਮਿਆ ਹੈ ਉਸ ਨੂੰ) ਕਦੇ ਦੁੱਖ ਤੇ ਕਦੇ ਸੁਖ ਮਿਲਣਾ-ਇਹ ਤਾਂ ਤੇਰੀ ਰਜ਼ਾ ਹੈ (ਪਰ ਦੁੱਖ ਵਿਚ ਜੀਵ ਘਾਬਰ ਜਾਂਦਾ ਹੈ, ਸੁਖਾਂ ਵਿਚ ਆਪੇ ਤੋਂ ਬਾਹਰ ਹੁੰਦਾ ਹੈ) ਤੇਰੇ ਨਾਮ ਦੀ ਟੇਕ ਤੋਂ ਬਿਨਾ ਜਿੰਦ ਅਡੋਲ ਰਹਿ ਹੀ ਨਹੀਂ ਸਕਦੀ ।੪।

ਗੁਰੂ ਦੀ ਦੱਸੀ ਮਤਿ ਵਿਚ ਤੁਰ ਕੇ ਆਪਾ-ਭਾਵ ਦਾ ਮਰ ਜਾਣਾ-ਇਹੀ ਹੈ ਸਹੀ ਜੀਵਨ, ਜੇ ਮਨੁੱਖ ਦਾ ਸੁਆਰਥੀ ਜੀਵਨ ਨਹੀਂ ਮੁੱਕਿਆ ਤਾਂ ਉਹ ਜੀਵਨ ਵਿਅਰਥ ਹੈ । ਜੇ ਮੈਂ ਇਹ ਸੁਆਰਥੀ ਜੀਵਨ ਜੀਉਂਦਾ ਹਾਂ, ਤਾਂ ਇਸ ਨੂੰ ਜੀਵਨ ਦਾ ਸੁਚੱਜਾ ਢੰਗ ਨਹੀਂ ਕਿਹਾ ਜਾ ਸਕਦਾ । ਨਾਨਕ ਆਖਦਾ ਹੈ ਜੇਹੜਾ ਪਰਮਾਤਮਾ ਜ਼ਿੰਦਗੀ ਦੇਣ ਵਾਲਾ ਹੈ (ਉਸੇ ਦੀ ਹਜ਼ੂਰੀ ਵਿਚ ਅਰਦਾਸ ਕਰਨੀ ਚਾਹੀਦੀ ਹੈ ਕਿ) ਹੇ ਪ੍ਰਭੂ ! ਜਿਥੇ ਤੇਰੀ ਰਜ਼ਾ ਹੈ ਉਥੇ ਸਾਨੂੰ ਰੱਖ (ਭਾਵ, ਆਪਣੀ ਰਜ਼ਾ ਵਿਚ ਰੱਖ ਤੇ ਸਿਮਰਨ ਦੀ ਦਾਤਿ ਬਖ਼ਸ਼ ।੫।੧੯।

ਰਾਗ ਬਿਲਾਵਲ ਮਹਲਾ ੫ ਘਰੁ ੪ ਦੁਪਦੇ
ੴ ਸਤਿਗੁਰ ਪ੍ਰਸਾਦਿ ॥
ਕਵਨ ਸੰਜੋਗ ਮਿਲਉ ਪ੍ਰਭ ਅਪਨੇ ॥
ਪਲੁ ਪਲੁ ਨਿਮਖ ਸਦਾ ਹਰਿ ਜਪਨੇ ॥੧॥
ਚਰਨ ਕਮਲ ਪ੍ਰਭ ਕੇ ਨਿਤ ਧਿਆਵਉ ॥
ਕਵਨ ਸੁਮਤਿ ਜਿਤੁ ਪ੍ਰੀਤਮ ਪਾਵਉ ॥੧॥ਰਹਾਉ॥
ਐਸੀ ਕ੍ਰਿਪਾ ਕਰਹੁ ਪ੍ਰਭ ਮੇਰੇ ॥
ਹਰਿ ਨਾਨਕ ਬਿਸਰੁ ਨਾ ਕਾਹੂ ਬੇਰੇ ॥੨॥੧॥
੧੯॥ [ਪੰਨਾ ੮੦੬]

ਅਰਥ : ਹੇ ਭਾਈ ! ਉਹ ਕੇਹੜੀ ਸੁਚੱਜੀ ਮਤਿ ਹੈ ਜਿਸ ਦੀ ਬਰਕਤ ਨਾਲ ਮੈਂ ਆਪਣੇ ਪਿਆਰੇ ਪ੍ਰਭੂ ਨੂੰ ਮਿਲ ਸਕਾਂ ? (ਉਹ ਕੇਹੜੀ ਸੁਮਤਿ ਹੈ ਜਿਸ ਦੇ ਰਾਹੀਂ) ਮੈਂ ਪਰਮਾਤਮਾ ਦੇ ਸੋਹਣੇ ਚਰਨਾਂ ਦਾ ਹਰ ਵੇਲੇ ਧਿਆਨ ਧਰਦਾ ਰਹਾਂ ? ੧। ਰਹਾਉ ।

ਹੇ ਭਾਈ ! ਉਹ ਕੇਹੜੇ ਮੁਹੂਰਤ ਹਨ ਜਦੋਂ ਮੈਂ ਆਪਣੇ ਪ੍ਰਭੂ ਨੂੰ ਮਿਲ ਸਕਾਂ ? (ਉਹ ਲਗਨ ਮੁਹੂਰਤ ਤਾਂ ਹਰ ਵੇਲੇ ਹੀ ਹਨ) ਇਕ ਇਕ ਪਲ, ਅੱਖ ਝਮਕਣ ਜਿਤਨਾ ਸਮਾਂ ਭਰ ਵੀ ਸਦਾ ਹੀ ਹਰਿ-ਨਾਮ ਜਪਣ ਨਾਲ (ਪਰਮਾਤਮਾ ਨਾਲ ਮਿਲਾਪ ਹੋ ਸਕਦਾ ਹੈ) ।੧।

(ਪਰ, ਪ੍ਰਭੂ ਦੀ ਆਪਣੀ ਹੀ ਮੇਹਰ ਹੋਵੇ, ਤਾਂ ਹੀ ਸਿਮਰਨ ਹੋ ਸਕਦਾ ਹੈ । ਇਸ ਵਾਸਤੇ ਉਸ ਦੇ ਦਰ ਤੇ ਸਦਾ ਅਰਦਾਸ ਕਰੀਏ-) ਹੇ ਮੇਰੇ ਪ੍ਰਭੂ ! (ਮੇਰੇ ਉਤੇ) ਇਹੋ ਜਿਹੀ ਮੇਹਰ ਕਰ, ਕਿ ਹੇ ਹਰੀ ! ਮੈਨੂੰ ਨਾਨਕ ਨੂੰ ਤੇਰਾ ਨਾਮ ਕਦੇ ਭੀ ਨਾਹ ਭੁੱਲੇ । ੨।੧।੧੯।


'ਅੰਮ੍ਰਿਤ ਕੀਰਤਨ'
ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜਣ ਦੀ ਕਿਰਪਾ ਕਰੋ

# ਰਾਗ ਆਸਾ

1. ਅਰੋਹ - ਸ ਰੇ ਮ ਪ ਧ ਸੰ । ਅਵਰੋਹ- ਸੰ ਨੀ ਧ ਪ ਮ ਗ ਰੇ ਸ ।
2. ਸੁਰ - ਆਰੋਹ ਵਿਚ 'ਗ' ਤੇ 'ਨੀ' ਵਰਜਿਤ ਸਾਰੇ ਸਵਰ ਸ਼ੁਧ
3. ਜਾਤੀ - ਔਡਵ - ਸੰਪੂਰਨ 4. ਸਮਾਂ - ਸਵੇਰ ਦਾ ਸੰਧੀ ਪ੍ਰਕਾਸ਼ ਸਮਾਂ ਸ਼ਾਮ ਦਾ ਸੰਧੀ ਪ੍ਰਕਾਸ਼ ਸਮਾਂ
5. ਵਾਦੀ - ਮ ਸੰਵਾਦੀ - ਸ
6. ਮੁਖ ਅੰਗ - ਰੇ, ਮ ਪ, ਧ ਸੰ, ਨੀ ਧ ਪ ਮ, ਗ ਰੇ ਗ ਸ ।
7. ਸੁਰ ਵਿਸਥਾਰ - ਸ ਰੇ ਮ ਪ ਧ ਪ, ਮ ਗ ਰੇ, ਸ ਰੇ, ਗ, ਰੇ ਸ, ਰੇ ਮ ਪ, ਦ ਪ ਮ ਗ, ਸ ਰੇ ਗ ਸ ।
ਪ ਪ ਦ ਧ ਸੰ, ਰੇਂ ਰੇਂ ਸੰ ਸੰ ਰੇਂ ਗੰ ਰੇਂ ਸੰ, ਸੰ ਰੇਂ ਸੰ, ਨੀ ਧ ਪ ਮ ਪ ਧ ਸੰ,ਸੰ ਨੀ ਧ ਪ ਮ, ਮ ਪ ਧ, ਮ ਪ ਮ ਗ, ਸ ਰੇ, ਗ, ਰੇ ਸ ।

ਤਾਲ ਦਾਦਰਾ

ਸਥਾਈ

ਸੰਤ ਸਰਵਣ ਸਿੰਘ

| ਮਾਤਰੇ | 1 | 2 | 3 | 4 | 5 | 6 | 1 | 2 | 3 | 4 | 5 | 6 |
|---|---|---|---|---|---|---|---|---|---|---|---|---|
| ਸਰਗਮ | ਸਾ | ਧ | ਧਧੁ | ਧਸਾਂ | ਧ | ਧ | ਸਾਂਧ | ਪਧ | ਗ | ਗਪ | ਪ | ਪ |
| ਸ਼ਬਦ | ਕੀ | ਵਿ | ਸS | ਰਹਿ | ਦੁ | ਖੁ | ਬਹੁ | ਤਾS | S | ਲਾS | ਗੈ | S |
| ਸਰਗਮ | ਗਪ | ਮ | ਗਰੇ | ਰੇਗ | ਗ | ਰੇਸਾ | ਸਾਰੇ | ਰੇ | ਸਾਨੀ | ਸਾ | ਰੇ | ਗ |
| ਸ਼ਬਦ | ਦੁਖ | ਲਾ | SS | ਗੈS | S | ਤੂS | ਵਿਸ | ਰ | ਨਾS | ਹੀ | S | S |
| ਸਰਗਮ | ਗਪ | ਮ | ਗਰੇ | ਰੇਗ | ਗ | ਰੇਸਾ | ਸਾਰੇ | ਰੇ | ਸਾਨੀ | ਸ | – | – |
| ਸ਼ਬਦ | ਦੁਖੁ | ਲਾ | SS | ਗੈS | S | ਤੂੰS | ਵਿਸ | ਰ | ਨਾS | ਹੀ | S | S |

ਅੰਤਰਾ

| ਮਾਤਰੇ | 1 | 2 | 3 | 4 | 5 | 6 | 1 | 2 | 3 | 4 | 5 | 6 |
|---|---|---|---|---|---|---|---|---|---|---|---|---|
| ਸਰਗਮ | ਗ | ਮ | ਧ | ਪਮੰ | ਪ | ਪ | ਗਸਾ | ਰੇਗ | ਮਗ | ਰੇਗ | ਸਾ | – |
| ਸ਼ਬਦ | ਦੁਖ | ਬਿ | ਨੁ | ਧੋS | ਨੁ | S | ਪੰਖ | ਬਿS | ਨੁS | ਪS | ਖੀ | S |
| ਸਰਗਮ | ਸਾਂ | ਸਾਂ | ਸਾਂਨੀ | ਧਨੀ | ਨੀਧ | ਪ | ਪਧ | ਧਰੇਂ | ਰੇਂਗੰ | ਸਾਂਰੇਂ | ਸਾਂ | ਸਾਂ |
| ਸ਼ਬਦ | ਜਲ | ਬਿ | ਨS | ਉਤ | ਭੁ | ਜS | ਕਾS | ਮS | ਨਾS | ਹੀS | S | S |
| ਸਰਗਮ | ਸਾਂਸਾਂ | ਧਪ | ਗਪ | ਗਰੇ | ਸਾਰੇ | ਸਾ | ਸਾ | ਧ | ਧਧੁ | ਧਸਾਂ | ਧ | ਧ |
| ਸ਼ਬਦ | ਹਾਂS | SS | SS | SS | SS | S | ਕੀ | S | ਵਿਸ | ਰਹਿ | S | ਦੁਖੁ |
| ਤਾਲ ਚਿੰਨ | X | | | 0 | | | X | | | 0 | | |

ਨੋਟ : ਬਾਕੀ ਅੰਤਰੇ ਇੰਨਾਂ ਸੁਰਾਂ ਤੇ ਹੀ ਪੜ੍ਹੇ ਜਾਣਗੇ ।

# ਸੰਗੀਤ-ਲਿਪੀ ਚਿੰਨ੍ਹ

ਪ   ਜਿਨ੍ਹਾਂ ਸੁਰਾਂ ਦੇ ਉਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮਧੱ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ ।

---

ਧੁ   ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ ; ਪਰ ਕੋਮਲ ਮਧਿਅਮ ਉਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ । ਹਰਮੋਨੀਅਮ ਦੇ ਸੁਰ ਨੰ: 2, 4, 9, 11 ਕੋਮਲ ਸੁਰ ਹਨ ।

---

ਮਂ   ਇਹ ਤੀਬਰ ਮਧਿਅਮ ਹੈ । ਸੁਰ ਨ: 7 ਤੀਬਰ ਮਧਿਅਮ ਹੈ ।

---

ਪ਼/ਧ਼   ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ ।

---

ਸਂ/ਪਂ   ਜਿਨ੍ਹਾਂ ਸੁਰਾਂ ਦੇ ਉਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ ।

---

ਪ—   ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (-) ਹਨ ਉਸ ਨੂੰ ਉਤਨੀਆਂ ਮਾਤਰਾਂ ਤਕ ਗਾਉਣਾ ਹੈ ।

---

ਸ਼ਾਂ s   ਜਿਸ ਅੱਖਰ ਅੱਗੇ ਜਿੰਨੇ s ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ ।

---


ਧਪ   ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿਚ ਗਾਉਣਾ ਹੈ ।

---

ਮਪ   ਜਿਹੜਾ ਸੁਰ ਕਿਸੇ ਸੁਰ ਦੇ ਉਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ ।

---

**XO 123**   X ਸਮ, O ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ ।



# ਮਹੀਨਾ ਅਕਤੂਬਰ/ਕੱਤਕ

ਕਤਿਕਿ ਕਰਮ ਕਮਾਵਣੇ, ਦੋਸੁ ਨਾ ਕਾਹੂ ਜੋਗੁ ॥ ਪਰਮੇਸਰ ਤੇ ਭੁਲਿਆਂ, ਵਿਆਪਨਿ ਸਭੇ ਰੋਗ ॥ ਵੇਮੁਖ ਹੋਏ ਰਾਮ ਤੇ, ਲਗਨਿ ਜਨਮ ਵਿਜੋਗ ॥ ਖਿਨ ਮਹਿ ਕਉੜੇ ਹੋਇ ਗਏ, ਜਿਤੜੇ ਮਾਇਆ ਭੋਗ ॥ ਵਿਚੁ ਨਾ ਕੋਈ ਕਰਿ ਸਕੈ, ਕਿਸ ਥੈ ਰੋਵਹਿ ਰੋਜ ॥ ਕੀਤਾ ਕਿਛੂ ਨਾ ਹੋਵਈ, ਲਿਖਿਆ ਧੁਰਿ ਸੰਜੋਗ ॥ ਵਡ ਭਾਗੀ ਮੇਰਾ ਪ੍ਰਭੂ ਮਿਲੈ, ਤਾਂ ਉਤਰਹਿ ਸਭਿ ਬਿਓਗ ॥ ਨਾਨਕ ਕਉ ਪ੍ਰਭ ਰਾਖਿ ਲੇਹਿ, ਮੇਰੇ ਸਾਹਿਬ ਬੰਦੀਮੋਚ ॥ ਕਤਿਕਿ ਹੋਵੈ ਸਾਧ ਸੰਗੁ, ਬਿਨਸਹਿ ਸਭੇ ਸੋਚ ॥੯॥

## ਗੁਰਪੁਰਬ

| | |
|---|---|
| ਪਾ: ੨ ਗੁਰਗੱਦੀ ਮਿਲੀ | ੧ ਅਕਤੂਬਰ |
| ਪਾ: ੧ ਜੋਤੀ ਜੋਤਿ ਸਮਾਏ | ੭ ਅਕਤੂਬਰ |
| ਪਾ: ੪ ਅਵਤਾਰ ਧਾਰਿਆ | ੨੮ ਅਕਤੂਬਰ |

## ਦਿਨ ਦਿਹਾਰ ਤੇ ਛੁੱਟੀਆਂ

| | |
|---|---|
| ਜਨਮ ਦਿਨ ਮਹਾਤਮਾ ਗਾਂਧੀ ਤੇ ਸ਼ਾਸਤਰੀ ਜੀ | ੨ ਅਕਤੂਬਰ |
| ਮੇਲ ਬੀੜ ਬਾਬਾ ਬੁਢਾ ਜੀ | ੬-੭ ਅਕਤੂਬਰ |
| ਨਵਰਾਤਰੇ ਸ਼ੁਰੂ | ੧੩ ਅਕਤੂਬਰ |
| ਸ੍ਰੀ ਦੁਰਗਾ ਅਸ਼ਟਮੀ | ੨੦ ਅਕਤੂਬਰ |
| ਦੁਸਹਿਰਾ | ੨੧ ਅਕਤੂਬਰ |
| ਨਵਰਾਤਰੇ ਖਤਮ | ੨੧ ਅਕਤੂਬਰ |
| ਮਹਾਂਰਿਸ਼ੀ ਬਾਲਮੀਕ ਜਯੰਤੀ | ੨੬ ਅਕਤੂਬਰ |

| | | | | |
|---|---|---|---|---|
| ਸੰਮਤ ਬਿਕ੍ਰਮੀ | ੨੦੫੩ | ਅਕਤੂਬਰ<br>OCT. 1996 | ਮੱਸਿਆ | ੧੨ ਅਕਤੂਬਰ |
| ਸੰਮਤ ਨਾਨਕਸ਼ਾਹੀ | ੫੨੭ | | ਸੰਗਰਾਂਦ | ੧੬ ਅਕਤੂਬਰ |
| ਸੰਮਤ ਖਾਲਸਾ | ੨੯੮ | | ਪੰਚਮੀ | ੧੭ ਅਕਤੂਬਰ |
| ਸੰਮਤ ਸ਼ਾਕਾ | ੧੯੧੮ | | ਪੂਰਨਮਾਸ਼ੀ | ੨੬ ਅਕਤੂਬਰ |

| | | | | | |
|---|---|---|---|---|---|
| ਐਤ<br>SUN | ✡ | ੬<br>੨੧ ਅੱਸੂ<br>ਅੱਸੂ ਵਦੀ ੯ | ੧੩<br>੨੮ ਅੱਸੂ<br>ਅੱਸੂ ਸੁਦੀ ੧ | ੨੦<br>੫ ਕੱਤਕ<br>ਅੱਸੂ ਸੁਦੀ ੮ | ੨੭<br>੧੨ ਕੱਤਕ<br>ਕੱਤਕ ਵਦੀ ੧ |
| ਸੋਮ<br>MUN | ✡ | ੭<br>੨੨ ਅੱਸੂ<br>ਅੱਸੂ ਵਦੀ ੧੦ | ੧੪<br>੨੯ ਅੱਸੂ<br>ਅੱਸੂ ਸੁਦੀ ੨ | ੨੧<br>੬ ਕੱਤਕ<br>ਅੱਸੂ ਸੁਦੀ ੯-੧੦ | ੨੮<br>੧੩ ਕੱਤਕ<br>ਕੱਤਕ ਵਦੀ ੨ |
| ਮੰਗਲ<br>TUE | ੧<br>੧੬ ਅੱਸੂ<br>ਅੱਸੂ ਵਦੀ ੫ | ੮<br>੨੩ ਅੱਸੂ<br>ਅੱਸੂ ਵਦੀ ੧੧ | ੧੫<br>੩੦ ਅੱਸੂ<br>ਅੱਸੂ ਸੁਦੀ ੩ | ੨੨<br>੭ ਕੱਤਕ<br>ਅੱਸੂ ਸੁਦੀ ੧੧ | ੨੯<br>੧੪ ਕੱਤਕ<br>ਕੱਤਕ ਵਦੀ ੩ |
| ਬੁੱਧ<br>WED | ੨<br>੧੭ ਅੱਸੂ<br>ਅੱਸੂ ਵਦੀ ੬ | ੯<br>੨੪ ਅੱਸੂ<br>ਅੱਸੂ ਵਦੀ ੧੨ | ੧੬<br>੧ ਕੱਤਕ<br>ਅੱਸੂ ਸੁਦੀ ੪ | ੨੩<br>੮ ਕੱਤਕ<br>ਅੱਸੂ ਸੁਦੀ ੧੨ | ੩੦<br>੧੫ ਕੱਤਕ<br>ਕੱਤਕ ਵਦੀ ੪ |
| ਵੀਰ<br>THU | ੩<br>੧੮ ਅੱਸੂ<br>ਅੱਸੂ ਵਦੀ ੭ | ੧੦<br>੨੫ ਅੱਸੂ<br>ਅੱਸੂ ਵਦੀ ੧੩ | ੧੭<br>੨ ਕੱਤਕ<br>ਅੱਸੂ ਸੁਦੀ ੫ | ੨੪<br>੯ ਕੱਤਕ<br>ਅੱਸੂ ਸੁਦੀ ੧੩ | ੩੧<br>੧੬ ਕੱਤਕ<br>ਕੱਤਕ ਵਦੀ ੫ |
| ਸ਼ੁੱਕਰ<br>FRI | ੪<br>੧੯ ਅੱਸੂ<br>ਅੱਸੂ ਵਦੀ ੮ | ੧੧<br>੨੬ ਅੱਸੂ<br>ਅੱਸੂ ਵਦੀ ੧੪ | ੧੮<br>੩ ਕੱਤਕ<br>ਅੱਸੂ ਸੁਦੀ ੬ | ੨੫<br>੧੦ ਕੱਤਕ<br>ਅੱਸੂ ਸੁਦੀ ੧੪ | ✡ |
| ਸ਼ਨੀ<br>SUN | ੫<br>੨੦ ਅੱਸੂ<br>ਅੱਸੂ ਵਦੀ ੮ | ੧੨<br>੨੭ ਅੱਸੂ<br>ਅੱਸੂ ਵਦੀ ੩੦ | ੧੯<br>੪ ਕੱਤਕ<br>ਅੱਸੂ ਸੁਦੀ ੭ | ੨੬<br>੧੧ ਕੱਤਕ<br>ਅੱਸੂ ਸੁਦੀ ੧੫ | ✡ |

ਅਰਥ : ਕੱਤਕ (ਦੀ ਸੁਹਾਵਣੀ ਰੁੱਤ) ਵਿਚ (ਭੀ ਜੇ ਪ੍ਰਭੂ-ਪਤੀ ਨਾਲੋਂ ਵਿਛੋੜਾ ਰਿਹਾ, ਤਾਂ ਇਹ ਆਪਣੇ) ਕੀਤੇ ਕਰਮਾਂ ਦਾ ਸਿੱਟਾ ਹੈ, ਕਿਸੇ ਹੋਰ ਦੇ ਮੱਥੇ ਕੋਈ ਦੋਸ ਨਹੀਂ ਲਾਇਆ ਜਾ ਸਕਦਾ । ਪਰਮੇਸਰ (ਦੀ ਯਾਦ) ਤੋਂ ਖੁੰਝਿਆਂ (ਦੁਨੀਆ ਦੇ) ਸਾਰੇ ਦੁੱਖ-ਕਲੇਸ਼ ਜੋਰ ਪਾ ਲੈਂਦੇ ਹਨ । ਜਿੰਨ੍ਹਾਂ ਨੇ (ਇਸ ਜਨਮ ਵਿਚ) ਪਰਮਾਤਮਾ (ਦੀ ਯਾਦ) ਵਲੋਂ ਮੂੰਹ ਮੋੜੀ ਰੱਖਿਆ, ਉਹਨਾਂ ਨੂੰ (ਫਿਰ) ਲੰਮੇ ਵਿਛੋੜੇ ਪੈ ਜਾਂਦੇ ਹਨ, ਜੇਹੜੀਆਂ ਮਾਇਆ ਦੀਆਂ ਮੌਜਾਂ (ਦੀ ਖ਼ਾਤਰ ਪ੍ਰਭੂ ਨੂੰ ਭੁਲਾ ਦਿੱਤਾ ਸੀ, ਉਹ ਭੀ) ਇਕ ਪਲ ਵਿਚ ਦੁਖਦਾਈ ਹੋ ਜਾਂਦੀਆਂ ਹਨ, (ਉਸ ਦੁਖੀ ਹਾਲਤ ਵਿਚ) ਕਿਸੇ ਪਾਸ ਭੀ ਨਿੱਤ ਰੋਣੇ ਰੋਣ ਦਾ ਕੋਈ ਲਾਭ ਨਹੀਂ ਹੁੰਦਾ, (ਕਿਉਂਕਿ ਦੁੱਖ ਤਾਂ ਹੈ ਵਿਛੋੜੇ ਦੇ ਕਾਰਨ, ਤੇ ਵਿਛੋੜੇ ਨੂੰ ਦੂਰ ਕਰਨ ਲਈ) ਕੋਈ ਵਿਚੋਲਾਪਨ ਨਹੀਂ ਕਰ ਸਕਦਾ । (ਦੁਖੀ ਜੀਵ ਦੀ ਆਪਣੀ) ਕੋਈ ਪੇਸ਼ ਨਹੀਂ ਜਾਂਦੀ, (ਪਿਛਲੇ ਕੀਤੇ ਕਰਮਾਂ ਅਨੁਸਾਰ ( ਧੁਰੋਂ ਹੀ ਲਿਖੇ ਲੇਖਾਂ ਦੀ ਬਿਧ ਆ ਬਣਦੀ ਹੈ । (ਹਾਂ !) ਜੇ ਚੰਗੇ ਭਾਗਾਂ ਨੂੰ ਪ੍ਰਭੂ (ਆਪ) ਆ ਮਿਲੇ, ਤਾਂ ਵਿਛੋੜੇ ਤੋਂ ਪੈਦਾ ਹੋਏ ਸਾਰੇ ਦੁੱਖ ਮਿਟ ਜਾਂਦੇ ਹਨ ।